# ਨਵੀਂ ਪਨੀਰੀ

## ਬਾਲਮ ਸਾਖੀਆਂ ਗੁਰੂ ਗੋਬਿੰਦ ਸਿੰਘ

ਭਾਗ ਪਹਿਲਾ

**ਭਾਈ ਵੀਰ ਸਿੰਘ ਸਾਹਿਤ ਸਦਨ**

ਭਾਈ ਵੀਰ ਸਿੰਘ ਮਾਰਗ, ਗੋਲ ਮਾਰਕਿਟ

ਨਵੀਂ ਦਿੱਲੀ-110001


www.sikhbookclub.com

ਨਵੀਂ ਪਨੀਰੀ
ਬਾਲਮ ਸਾਖੀਆਂ ਗੁਰੂ ਗੋਬਿੰਦ ਸਿੰਘ (ਭਾਗ ਪਹਿਲਾ)
© ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ
ਨਵੀਂ ਐਡੀਸ਼ਨ, 2007
ਆਧਾਰ : ਗੁਰ ਬਾਲਮ ਸਾਖੀਆਂ -ਭਾਈ ਵੀਰ ਸਿੰਘ
ਸਾਖੀਕਾਰ : ਡਾ. ਗਿਆਨੀ ਭਜਨ ਸਿੰਘ
ਚਿੱਤਰਕਾਰ : ਬੋਧ ਰਾਜ
ਪ੍ਰਕਾਸ਼ਕ : ਭਾਈ ਵੀਰ ਸਿੰਘ ਸਾਹਿਤ ਸਦਨ,
ਭਾਈ ਵੀਰ ਸਿੰਘ ਮਾਰਗ, ਨਵੀਂ ਦਿੱਲੀ-110 001
ਫ਼ੋਨ 23363510, ਫੈਕਸ 2374 4347
ਪ੍ਰਿੰਟਰ : ਸੁੰਦਰ ਪ੍ਰਿੰਟਰਸ
2477-79, ਨਲਵਾ ਸਟਰੀਟ, ਪਹਾੜ ਗੰਜ,
ਨਵੀਂ ਦਿੱਲੀ-110 055
ਮੁੱਲ : 55 ਰੁਪਏ

 www.sikhbookclub.com

# ਪਟਨੇ ਵਿਚ ਅਵਤਾਰ ਧਾਰਿਆ

ਗੁਰੂ ਗੋਬਿੰਦ ਸਿੰਘ ਜੀ ਸਾਡੇ ਦਸਵੇਂ ਗੁਰੂ ਹਨ। ਗੁਰੂ ਨਾਨਕ ਦੇਵ ਦੀ ਜੋਤ ਦਾ ਇਨ੍ਹਾਂ ਵਿਚ ਪ੍ਰਕਾਸ਼ ਹੋਇਆ, ਇਸੇ ਲਈ ਦਸਵੀਂ ਨਾਨਕ-ਜੋਤ ਵੀ ਆਖੇ ਜਾਂਦੇ ਹਨ।

ਗੁਰੂ ਗੋਬਿੰਦ ਸਿੰਘ ਜੀ ਦਾ ਜਨਮ (ਅਵਤਾਰ) 1666 ਈਸਵੀ ਨੂੰ ਬਿਹਾਰ ਰਾਜ ਦੀ ਰਾਜਧਾਨੀ ਪਟਨਾ ਸ਼ਹਿਰ ਵਿਚ ਹੋਇਆ। ਆਪ ਨੌਵੇਂ ਗੁਰੂ ਤੇਗ਼ ਬਹਾਦਰ ਜੀ ਦੀ ਇਕੋ ਇਕ ਸੰਤਾਨ ਸਨ। ਗੁਰੂ ਜੀ ਦੀ ਮਾਤਾ ਦਾ ਨਾਮ ਮਾਤਾ ਗੁਜਰੀ ਸੀ।

ਸ੍ਰੀ ਗੁਰੂ ਤੇਗ਼ ਬਹਾਦਰ ਜੀ ਨੇ ਗੁਰਗੱਦੀ ਤੇ ਬੈਠਣ ਪਿਛੋਂ ਇਕ ਨਵਾਂ ਨਗਰ ਅਨੰਦਪੁਰ ਆਬਾਦ ਕੀਤਾ। ਉਸ ਪਿਛੋਂ ਉਹ ਭਾਰਤ ਯਾਤਰਾ ਤੇ ਚਲ ਪਏ ਕਿਉਂਕਿ ਉਨ੍ਹਾਂ ਨੂੰ ਆਸਾਮ ਜਾਣਾ ਪਿਆ, ਜਿਸ ਤਰ੍ਹਾਂ ਗੁਰੂ ਨਾਨਕ ਦੇਵ ਨੇ ਸਾਰੇ ਦੇਸ਼ ਦਾ ਚੱਕਰ ਲਾਇਆ ਸੀ। ਥਾਂ ਥਾਂ ਸਿਖ ਸੰਗਤ ਬਣ ਚੁਕੀ ਸੀ। ਗੁਰੂ ਤੇਗ਼ ਬਹਾਦਰ ਜੀ ਜਦ ਅੰਮ੍ਰਿਤਸਰ ਤੋਂ ਅੱਠ ਸੋ ਮੀਲ ਦੂਰ ਗੰਗਾ ਦਰਿਆ ਦੇ ਕਿਨਾਰੇ ਪਟਨਾ ਸ਼ਹਿਰ ਪਹੁੰਚੇ ਤਾਂ ਸਿਖ ਸੰਗਤ ਨੇ ਬਹੁਤ ਹੀ ਪਿਆਰ ਦਿਖਾਇਆ ਤੇ ਇਥੇ ਚੋਖਾ ਸਮਾਂ ਠਹਿਰਨ ਦੀ ਬੇਨਤੀ ਕੀਤੀ। ਨੌਵੇਂ ਗੁਰੂ ਜੀ ਆਪਣੇ ਪਰਵਾਰ ਨੂੰ ਛੱਡਕੇ ਆਪ ਬੰਗਾਲ ਵਿਚੋਂ ਹੁੰਦੇ ਆਸਾਮ ਵਲ ਚਲੇ ਗਏ।


ਪਟਨੇ ਵਿਚ ਉਹ ਆਪਣੇ ਮਾਤਾ ਨਾਨਕੀ ਜੀ, ਸੁਪਤਨੀ ਮਾਤਾ ਗੁਜਰੀ ਤੇ ਕਿਰਪਾਲ ਚੰਦ ਜੀ ਨੂੰ ਛੱਡ ਗਏ। ਕਿਰਪਾਲ ਚੰਦ ਜੀ ਮਾਤਾ ਗੁਜਰੀ ਦੇ ਭਰਾ ਸਨ। ਪਟਨੇ ਦੀ ਸੰਗਤ ਨੇ ਗੁਰੂ ਪਰਵਾਰ ਦੇ ਰਹਿਣ ਲਈ ਇਕ ਸੁੰਦਰ ਮਕਾਨ ਤਿਆਰ ਕਰਵਾ ਦਿਤਾ ਜਿਥੇ ਗੁਰੂ ਗੋਬਿੰਦ ਸਿੰਘ ਜੀ ਦਾ ਜਨਮ ਹੋਇਆ। ਉਦੋਂ ਗੁਰੂ ਤੇਗ਼ ਬਹਾਦਰ ਜੀ ਨੂੰ ਆਸਾਮ ਖਬਰ ਭੇਜੀ ਗਈ ਤੇ ਪੰਜਾਬ ਵਿਚ ਜਦ ਗੁਰੂ ਤੇਗ਼ ਬਹਾਦਰ ਦੇ ਘਰ ਸੋਹਣਾ ਜਿਹਾ ਲਾਲ ਹੋਣ ਦੀ ਖਬਰ ਪਹੁੰਚੀ ਤਾਂ ਸਿਖ ਸੰਗਤਾਂ ਨੇ ਬਹੁਤ ਖੁਸ਼ੀ ਮਨਾਈ।


www.sikhbookclub.com



# ਭੀਖਣ ਸ਼ਾਹ ਨੇ ਦਰਸ਼ਨ ਕੀਤੇ

ਕਰਨਾਲ ਦੇ ਨੇੜੇ ਪਿੰਡ ਸਿਆਣੇ ਵਿਚ ਮੁਸਲਮਾਨ ਸੰਤ ਫਕੀਰ ਭੀਖਣ ਸ਼ਾਹ ਰਹਿੰਦਾ ਸੀ। ਉਹਨੇ ਰੱਬ ਦੀ ਇਤਨੀ ਭਗਤੀ ਕੀਤੀ ਤੇ ਨਿਸ਼ਕਾਮ ਤਪ ਕੀਤਾ ਕਿ ਉਹ ਰੱਬ ਦਾ ਰੂਪ ਹੀ ਹੋ ਗਿਆ ਜਾਪਣ ਲੱਗਾ। ਜਦ ਪਟਨੇ ਵਿਚ ਗੁਰੂ ਗੋਬਿੰਦ ਸਿੰਘ ਜੀ ਦਾ ਜਨਮ ਹੋਇਆ, ਉਸ ਵੇਲੇ ਆਪਣੇ ਪਿੰਡ ਭੀਖਣ ਸ਼ਾਹ ਸਮਾਧੀ ਲਾਕੇ ਬੈਠਾ ਸੀ। ਉਹਨੂੰ ਅੰਤਰ-ਧਿਆਨ ਹੋਏ ਨੂੰ ਇਕ ਚਾਨਣ ਦੀ ਲਹਿਰ ਦਿਖਾਈ ਦਿਤੀ ਜਿਸ ਵਿਚ ਇਕ ਨਵੇਂ ਜਨਮੇਂ ਬਾਲਕ ਦਾ ਚਿੱਤਰ ਵੀ ਆਇਆ। ਉਹਨੇ ਸਮਝ ਲਿਆ ਕਿ ਦੁਨੀਆਂ ਤੇ ਕੋਈ ਰੱਬ ਦਾ ਪਿਆਰਾ ਪੀਰ ਅਵਤਾਰ ਆਇਆ ਹੈ।





www.sikhbookclub.com

ਇਕ ਚਾਨਣ ਉਹਨੂੰ ਆਪਣੇ ਦੇਸ਼ ਦੇ ਪੂਰਬ ਵਾਲੇ ਪਾਸਿਉਂ ਨਜ਼ਰ ਆਇਆ। ਉਹਨੇ ਜੋ ਥਾਂ ਗੰਗਾ ਦੇ ਕਿਨਾਰੇ ਦੇਖੀ ਉਹ ਪਟਨਾ ਸ਼ਹਿਰ ਹੀ ਸੀ। ਸੂਫੀ ਭੀਖਣ ਸ਼ਾਹ ਨੇ ਇਸ ਰੱਬ ਦੇ ਨੂਰ ਦੇ ਦਰਸ਼ਨ ਕਰਨ ਦਾ ਮਨ ਵਿਚ ਫੈਸਲਾ ਕਰ ਲਿਆ। ਆਪਣੇ ਡੇਰੇ ਦਾ ਪ੍ਰਬੰਧ ਸਾਥੀਆਂ ਨੂੰ ਸੌਂਪ ਕੇ, ਕੁਝ ਨੇੜੇ ਦੇ ਬੰਦੇ ਨਾਲ ਲੈ ਕੇ ਪੂਰਬ ਵਲ ਨੂੰ ਤੁਰ ਪਿਆ। ਸੈਂਕੜੇ ਮੀਲਾਂ ਦਾ ਸਫਰ ਪੈਦਲ ਕਰਦਾ ਅਖੀਰ ਭੀਖਣ ਸ਼ਾਹ ਪਟਨੇ ਪਹੁੰਚ ਗਿਆ। ਉਥੇ ਪਤਾ ਕੀਤਾ ਕਿ ਕਿਹੜੇ ਘਰ ਕਿਸੇ ਮਹਾਂਪੁਰਖ ਦੇ ਪਰਵਾਰ ਵਿਚ ਨਵੇਂ ਬਾਲਕ ਨੇ ਜਨਮ ਲਿਆ ਹੈ। ਸਾਰਾ ਪਟਨਾ ਗੁਰੂ ਘਰ ਨੂੰ ਜਾਣਦਾ ਸੀ, ਇਸ ਲਈ ਭੀਖਣ ਸ਼ਾਹ ਨੂੰ ਘਰ ਲਭਦਿਆਂ ਦੇਰ ਨ ਲੱਗੀ।

ਜਦ ਉਹਨੇ ਦਰਵਾਜ਼ੇ ਤੇ ਆਕੇ ਬਾਲਕ ਦੇ ਦਰਸ਼ਨ ਕਰਨ ਦੀ ਇਛਾ ਪ੍ਰਗਟ ਕੀਤੀ ਤਾਂ ਮਾਮਾ ਕਿਰਪਾਲ ਚੰਦ ਬਾਲਕ ਗੋਬਿੰਦ ਰਾਏ ਨੂੰ ਪਿਆਰ ਨਾਲ ਚੁਕਕੇ ਬਾਹਰ ਲੈ ਆਏ। ਦਰਸ਼ਨ ਕਰਨ ਲਈ ਹੋਰ ਸੰਗਤ ਵੀ ਆ ਜੁੜੀ ਸੀ। ਭੀਖਣ ਸ਼ਾਹ ਨੇ ਮੱਥਾ ਟੇਕਿਆ ਤੇ ਜੋ ਵਸਤਾਂ ਭੇਂਟ ਕਰਨ ਲਈ ਲਿਆਇਆ ਸੀ ਉਹ ਅਗੇ ਰਖੀਆਂ। ਉਹ ਪਰਖ ਲਈ ਦੋ ਕੁੱਜੇ ਵੀ ਲਿਆਇਆ ਸੀ, ਉਹਨਾਂ ਵਿਚ ਵੀ ਕੁਝ ਚੀਜ਼ਾਂ ਸਨ। ਦੋਹਾਂ ਹੱਥਾਂ ਵਿਚ ਕੁੱਜੇ ਫੜਕੇ ਉਹਨੇ ਅਗੇ ਕੀਤੇ। ਸਾਰੀ ਸੰਗਤ ਤੇ ਭੀਖਣ ਸ਼ਾਹ



ਦੇ ਚੇਲੇ ਹੈਰਾਨ ਹੋ ਗਏ, ਜਦੋਂ ਕੁਝ ਮਹੀਨਿਆਂ ਦੇ ਬਾਲਕ ਗੋਬਿੰਦ ਰਾਏ ਨੇ ਆਪਣੇ ਨਿੱਕੇ ਨਿੱਕੇ ਹੱਥ ਅਗੇ ਕਰਕੇ ਉਹਨਾਂ ਦੋਹਾਂ ਕੁਜਿਆਂ ਤੇ ਰਖ ਦਿਤੇ। ਭੀਖਣ ਸ਼ਾਹ ਮੁੜ ਚਰਨਾਂ ਤੇ ਡਿਗ ਪਿਆ ਤੇ ਦੋਵੇਂ ਕੁਜੇ ਵਾਪਸ ਲੈ ਕੇ ਬਾਹਰ ਆ ਗਿਆ।

ਫਕੀਰ ਦੇ ਚੇਲਿਆਂ ਤੇ ਉਥੇ ਜੁੜੇ ਲੋਕਾਂ ਨੇ ਭੀਖਣ ਸ਼ਾਹ ਨੂੰ ਕੁਜਿਆਂ ਦੀ ਬੁਝਾਰਤ ਬਾਰੇ ਪੁਛਿਆ ਤਾਂ ਉਹਨੇ ਦਸਿਆ ਕਿ ਜਦੋਂ ਉਹਨੂੰ ਇਸ ਰੱਬ ਦੇ ਨੂਰ ਦੇ ਪ੍ਰਗਟ ਹੋਣ ਦਾ ਫੁਰਨਾ ਫੁਰਿਆ ਤਾਂ ਉਸ ਸਮੇਂ ਇਹ ਵੀ ਗੱਲ ਸਮਝ ਆਈ ਸੀ ਕਿ ਇਹ ਕਿਸੇ ਇਕ ਧਿਰ ਦੀ ਮਦਦ ਕਰੇਗਾ ਤੇ ਇਕ ਦਾ ਨਾਸ਼ ਕਰੇਗਾ। ਮੈਂ ਸੋਚਿਆ ਕਿ ਇਹ ਹਿੰਦੂਆਂ ਦਾ ਸਾਥ ਦੇਵੇਗਾ ਜਾਂ ਮੁਸਲਮਾਨਾਂ ਦਾ। ਇਸ ਪ੍ਰਸ਼ਨ ਨੂੰ ਲੈ ਕੇ ਮੈਂ ਦੋ ਕੁਜੇ ਉਚੇਚੇ ਤਿਆਰ ਕਰਵਾਏ ਤੇ ਬਾਲਕ ਅਗੇ ਰਖੇ। ਇਸ ਰੱਬੀ ਜੋਤ ਨੇ ਦੋਹਾਂ ਤੇ ਹੱਥ ਰਖਕੇ ਮੇਰੇ ਸਵਾਲ ਦਾ ਜਵਾਬ ਦਿਤਾ ਹੈ ਕਿ ਮੈਂ ਦੋਹਾਂ ਦੀ ਰਖਿਆ ਕਰਾਂਗਾ। ਮੈਨੂੰ ਸਮਝ ਆ ਗਈ ਏ ਕਿ ਇਹ ਬਾਲਕ ਜ਼ੁਲਮ ਨਾਲ ਟੱਕਰ ਲਏਗਾ ਤੇ ਉਹਦਾ ਨਾਸ਼ ਕਰੇਗਾ। ਹੱਕ, ਇਨਸਾਫ ਤੇ ਸੱਚ ਤੇ ਡਟਣ ਵਾਲੇ ਹਿੰਦੂਆਂ ਮੁਸਲਮਾਨਾਂ ਦਾ ਸਾਥੀ ਬਣੇ ਗਾ। ਉਨ੍ਹਾਂ ਦੀ ਅਗਵਾਈ ਕਰੇਗਾ।

ਦਿਨਾਂ ਵਿਚ ਹੀ ਇਸ ਘਟਨਾ ਦਾ ਸਾਰੇ ਦੇਸ਼ ਵਿਚ ਦੂਰ ਦੂਰ ਤਕ ਚਰਚਾ ਹੋਇਆ ਤੇ ਲੋਕ ਸੈਂਕੜੇ ਮੀਲਾਂ ਤੋਂ ਇਸ ਅਨੋਖੇ ਬਾਲਕ ਦੇ ਦਰਸ਼ਨ ਕਰਨ ਲਈ ਆਉਣ ਲਗ ਪਏ।



# ਬਚਪਨ ਦੇ ਬਾਲ ਚੋਜ

ਜਨਮ ਦੇ ਪਹਿਲੇ ਸਾਲ ਤੋਂ ਹੀ ਸਭ ਨੂੰ ਸਾਫ ਨਜ਼ਰ ਆ ਰਿਹਾ ਸੀ ਕਿ ਇਹ ਸਾਧਾਰਨ ਬਾਲਕ ਨਹੀਂ ਸਗੋਂ ਦੂਜਿਆਂ ਤੋਂ ਬਹੁਤੀਆਂ ਗੱਲਾਂ ਵਿਚ ਵਖਰਾ ਹੈ। ਆਮ ਬੱਚੇ ਰੋਂਦੇ ਹਨ, ਕਦੇ ਭੁਖ ਲਗਣ ਤੇ ਕਦੇ ਮਾਂ ਦੇ ਕੁਛੜ ਤੋਂ ਲਾਹ ਕੇ ਮੰਜੇ ਤੇ ਪਾਣ ਸਮੇਂ। ਪਰ ਬਾਲ ਗੋਬਿੰਦ ਰਾਏ ਕਦੇ ਨਹੀਂ ਸਨ ਰੋਂਦੇ। ਹਰ ਵੇਲੇ ਚਿਹਰਾ ਹਸੂੰ ਹਸੂੰ ਕਰਦਾ ਤੇ ਜਦ ਵੀ ਕੋਈ ਆਵਾਜ਼ ਦਿੰਦਾ ਤਾਂ ਆਪ ਖਿੜੇ ਮਥੇ ਮੁਸਕਰਾਂਦੇ ਹੋਏ ਇਧਰ ਉਧਰ ਦੇਖਦੇ।


ਜਦ ਬੈਠਣ ਤੋਂ ਪਿਛੋਂ ਰਿੜ੍ਹਨਾ ਸਿਖੇ ਤਾਂ ਵੀ ਦੂਜੇ ਬਚਿਆਂ ਵਾਂਗ ਕਮਰ ਝੁਕਾਕੇ ਗੋਡਿਆਂ ਪਾਰ ਨਹੀਂ ਸਨ ਰਿੜ੍ਹਦੇ। ਆਪ ਬੈਠੇ ਬੈਠੇ ਹੀ ਰਿੜ੍ਹਨਾ ਸਿਖੇ ਤੇ ਸਿਧੇ ਬੈਠਕੇ ਹੀ ਰਿੜ੍ਹਦੇ। ਫਿਰਨਾ ਤੁਰਨਾ ਸਿਖਿਆ ਤਾਂ ਇਕ ਦਮ ਤੁਰਨ ਲਗ ਪਏ। ਦੂਜੇ ਬਚਿਆਂ ਵਾਂਗ ਤੁਰਦਿਆਂ ਕਦੇ ਵੀ ਨ ਡਿਗਦੇ। ਇਕ ਸਾਰ ਤੋਰ ਤੋਂ ਪਤਾ ਲਗਦਾ ਸੀ ਕਿ ਬਾਲਕ ਵਿਚ ਕਿਤਨਾ ਸਵੈ-ਭਰੋਸਾ ਹੈ। ਇਹ ਗੱਲਾਂ ਸਭ ਨਾਲੋਂ ਨਿਆਰੀਆਂ ਸਨ।

ਜਦ ਹੋਰ ਵਡੇਰੇ ਹੋਏ, ਭਾਵ ਤਿੰਨ ਸਾਲ ਦੀ ਆਯੂ ਵਿਚ ਪਹੁੰਚੇ ਤਾਂ ਆਲੇ ਦੁਆਲੇ ਦੇ ਬਚਿਆਂ ਨੂੰ ਇਕੱਠਾ ਕਰ ਲੈਂਦੇ। ਆਪਣੇ ਕੋਲੋਂ ਖਿਡਾਉਣੇ ਉਨ੍ਹਾਂ ਨੂੰ ਵੰਡ ਦਿੰਦੇ। ਕਦੇ ਉਹਨਾਂ ਦੀਆਂ ਟੋਲੀਆਂ ਬਣਾਕੇ ਉਹਨਾਂ ਨੂੰ ਲੜਨ ਦੀ ਜਾਚ ਪਏ ਸਿਖਾਂਦੇ। ਕਦੇ ਕਤਾਰ ਬੰਨ ਕੇ ਤੋਰਦੇ ਤੇ ਆਪ ਅਗੇ ਲਗ ਕੇ ਬਚਿਆਂ ਨੂੰ ਕਤਾਰ ਵਿਚ ਤੁਰਨਾ ਤੇ ਇਕਸਾਰ ਕਦਮ ਚੁਕਣ ਲਈ ਪ੍ਰੇਰਨਾ ਆਪ ਦਾ ਸ਼ੌਕ ਸੀ।

ਮਾਮਾ ਕਿਰਪਾਲ ਚੰਦ ਹਰ ਸਮੇਂ ਆਪ ਦੇ ਨਾਲ ਰਹਿੰਦੇ ਤੇ ਧਿਆਨ ਰਖਦੇ। ਇਕ ਦਿਨ ਦਰਿਆ ਕਿਨਾਰੇ ਖੇਡਣ ਗਏ ਤੇ ਮਾਮਾ ਕਿਰਪਾਲ ਚੰਦ ਤੋਂ ਅੱਖ ਬਚਾਕੇ ਦਰਿਆ ਦੇ ਪਾਣੀ ਵਿਚ ਵੜ ਗਏ। ਮਾਮਾ ਕਿਰਪਾਲ ਚੰਦ ਜੀ ਨੇ ਦੇਖਿਆ ਤਾਂ ਘਬਰਾਕੇ ਪਿਛੇ ਦੌੜੇ ਪਰ ਉਨ੍ਹਾਂ ਨੂੰ ਹੈਰਾਨੀ ਹੋਈ ਜਦੋਂ ਬਾਲਕ ਗੋਬਿੰਦ ਰਾਏ ਤਰਦੇ ਹੋਏ ਬਾਹਰ ਕਿਨਾਰੇ ਤੇ ਆ ਗਏ। ਜਦ ਘਰ ਆਕੇ ਦਸਿਆ ਤਾਂ ਮਾਤਾ ਜੀ ਨੇ ਬੜੀ ਚਿੰਤਾ ਪ੍ਰਗਟ ਕੀਤੀ ਪਰ ਮਾਮਾ ਕਿਰਪਾਲ ਚੰਦ ਨੇ ਭਰੋਸਾ ਦਿਵਾਇਆ ਕਿ ਇਹ ਧੁਰੋਂ ਤਰਨਾ ਸਿਖਕੇ ਆਏ ਹਨ। ਇਹਨਾਂ ਨੇ ਹਜ਼ਾਰਾਂ ਲੱਖਾਂ ਨੂੰ ਤਾਰਨਾ ਹੈ, ਇਹ ਆਪ ਕਿਸ ਤਰ੍ਹਾਂ, ਦਰਿਆ ਵਿਚ ਡੁਬ ਸਕਦੇ ਹਨ।



www.sikhbookclub.com





www.sikhbookclub.com

# ਕਲਗੀਆਂ ਵਾਲਾ ਪਾਤਸ਼ਾਹ

ਬਾਲ ਰੂਪ ਵਿਚ ਗੁਰੂ ਸਾਹਿਬ ਬੜੇ ਹੀ ਸੋਹਣੇ ਸਨ। ਉਹਨਾਂ ਨੂੰ ਵੇਖ ਕੇ ਸਾਰੇ ਹੀ ਮੋਹਿਤ ਹੋ ਜਾਂਦੇ ਸਨ। ਉਹਨਾ ਦੇ ਮਾਤਾ ਜੀ ਤੇ ਦਾਦੀ ਜੀ ਉਹਨਾਂ ਨੂੰ ਸੋਹਣੇ-ਸੁੰਦਰ ਵਸਤਰ ਪੁਆਂਦੇ ਸਨ। ਉਹਨਾਂ ਦੇ ਮਾਤਾ ਜੀ ਨੂੰ ਬੜੇ ਚਿਰਾਂ ਤੋਂ ਇਕ ਪੁੱਤਰ ਦੀ ਤਾਂਘ ਸੀ। ਸੁਭਾਵਕ ਸੀ ਕਿ ਉਹ ਉਹਨਾਂ ਤੇ ਪਿਆਰ ਦੀ ਬਰਖਾ ਕਰਦੇ ਤੇ ਬੜੇ ਸਨੇਹ ਨਾਲ ਉਹਨਾਂ ਦੀ ਪਰਵਰਿਸ਼ ਕਰਦੇ। ਪਟਨਾ ਦੇ ਬੜੇ ਧਨਾਡ ਸ਼ਹਿਰੀ ਗੁਰੂ ਸਾਹਿਬ ਦੇ ਸ਼ਰਧਾਲੂ ਸਨ। ਧਨਾਡ ਔਰਤਾਂ ਬਾਲ ਗੁਰੂ ਨੂੰ ਸੁੰਦਰ ਪੁਸ਼ਾਕਾਂ ਤੇ ਖਿਡਾਉਣੇ ਭੇਟਾ ਕਰਦੀਆਂ ਰਹਿੰਦੀਆਂ ਸਨ। ਉਹਨਾਂ ਦੇ ਮਾਤਾ ਜੀ ਆਪਣੇ ਪੁੱਤਰ ਨੂੰ ਇਕ ਬਲਵਾਨ ਸੋਹਣੇ ਗਭਰੂ ਦੇ ਰੂਪ ਵਿਚ ਵੇਖਣਾ ਚਾਹੁੰਦੇ ਸਨ। ਉਹ ਬਾਲ ਗੁਰੂ ਦੇ ਸਿਰ ਤੇ ਸੋਹਣੀ ਦਸਤਾਰ ਸਜਾਉਂਦੇ ਸਨ।

ਇਕ ਵਾਰੀ ਇਕ ਸ਼ਰਧਾਲੂ ਤੀਵੀਂ ਉਹਨਾਂ ਲਈ ਕੀਮਤੀ ਪਰਾਂ ਨਾਲ ਬਣੀ ਇਕ ਕਲਗੀ ਲਿਆਈ। ਉਸ ਵਿਚ ਵਡਮੁੱਲੇ ਮੋਤੀ ਲੱਗੇ ਹੋਏ ਸਨ। ਮਾਤਾ ਜੀ ਨੂੰ ਉਹ ਕਲਗੀ ਬੜੀ ਚੰਗੀ ਲੱਗੀ ਤੇ ਉਹਨਾਂ ਨੇ ਉਸਨੂੰ ਗੁਰੂ ਸਾਹਿਬ ਦੀ ਦਸਤਾਰ ਵਿਚ ਲਗਾ ਦਿੱਤਾ। ਕਲਗੀ ਲਾ ਕੇ ਬਾਲ ਗੁਰੂ ਬਾਹਰ ਖੇਡਣ ਨਿਕਲ ਗਏ। ਉਦੋਂ ਤੋਂ ਲੋਕੀ ਉਹਨਾਂ ਨੂੰ ਕਲਗੀਆਂ ਵਾਲਾ ਪਾਤਸ਼ਾਹ ਕਹਿਣ ਲਗ ਪਏ।



# ਪੰਜ ਪੁਤਰਾਂ ਦੀ ਅਸੀਸ ਦਿਤੀ

ਪਟਨੇ ਵਿਚ ਇਹ ਗੱਲ ਆਮ ਲੋਕਾਂ ਦੀ ਜ਼ਬਾਨ ਤੇ ਸੀ ਕਿ ਗੁਰੂ ਤੇਗ ਬਹਾਦਰ ਜੀ ਦਾ ਲਾਲ ਮੂੰਹ ਤੋਂ ਜੋ ਗੱਲ ਕਢੇ, ਉਹ ਜ਼ਰੂਰ ਪੂਰੀ ਹੋ ਜਾਂਦੀ ਹੈ। ਉਸ ਤੋਂ ਅਸੀਸ ਮਿਲ ਜਾਏ ਤਾਂ ਮੁਰਾਦਾਂ ਪੂਰੀਆਂ ਹੋ ਜਾਂਦੀਆਂ ਹਨ। ਸ਼ਰਧਾਲੂ ਇਉਂ ਆਸਾਂ ਲੈ ਕੇ ਬਾਲਕ ਗੋਬਿੰਦ ਸਿੰਘ ਪਾਸ ਆਉਣ ਲਗ ਪਏ।

ਇਕ ਦਿਨ ਕੁਝ ਸ਼ਰਧਾਲੂ ਔਰਤਾਂ ਆਈਆਂ ਤੇ ਬਾਹਰ ਖੇਡਦੇ ਬਾਲਕ ਗੋਬਿੰਦ ਸਿੰਘ ਨੂੰ ਪਿਆਰ ਨਾਲ ਉਸਤਤ ਕਰਨ ਪਿਛੋਂ ਕਹਿਣ ਲਗੀਆਂ ਕਿ ਉਹਨਾਂ ਨਾਲ ਇਕ ਬੀਬੀ ਆਈ ਹੈ ਜਿਸ ਦੀ ਰੀਝ ਹੈ ਕਿ ਉਹਦੀ ਗੋਦੀ ਬਾਲ ਖੇਡੇ। ਤੁਸੀਂ ਅਸੀਸ ਦਿਉ। ਬਾਲਕ ਗੋਬਿੰਦ ਸਿੰਘ ਜੀ ਨੇ ਬੜੇ ਸਿਆਣਿਆਂ ਵਾਂਗ ਕਿਹਾ ਕਿ ਇਹਦੀ ਕਿਸਮਤ ਵਿਚ ਹੋਇਆ ਤਾਂ ਆਪੇ ਪੁਤਰ ਹੋ ਜਾਇਗਾ। ਮੈਂ ਕਿਉਂ ਆਖਾਂ ਪੁਤਰ ਜੰਮੇ।

ਉਹ ਬੀਬੀ ਫਿਰ ਇਕ ਦਿਨ ਕੁਝ ਔਰਤਾਂ ਨੂੰ ਨਾਲ ਲੈ ਕੇ ਮਾਤਾ ਗੁਜਰੀ ਪਾਸ ਆਈ ਤੇ ਬੇਨਤੀ ਕੀਤੀ ਕਿ ਉਹ ਅਸੀਸ ਲੈ ਦੇਣ। ਮਾਤਾ ਗੁਜਰੀ ਜੀ ਨੇ ਪੁਤਰ ਨੂੰ ਪਿਆਰ ਨਾਲ ਕੋਲ ਸਦਿਆ ਤੇ ਕਿਹਾ ਕਿ ਇਹ ਤੁਹਾਡੇ ਗੁਰਦੇਵ ਪਿਤਾ ਦੇ ਸਿਖ ਹਨ। ਇਹਨਾਂ ਨੂੰ ਅਸੀਸ ਦਿਉ ਕਿ ਇਸ ਬੀਬੀ ਦੇ ਘਰ ਪੁਤਰ ਹੋਵੇ।

"ਐਵੇਂ ਅਸੀਸ ਥੋਹੜੀ ਮਿਲਦੀ ਏ" ਬਾਲਕ ਗੋਬਿੰਦ ਸਿੰਘ ਜੀ ਨੇ ਉਤਰ ਦਿਤਾ, "ਇਹ ਬੇੜੀਆਂ ਵਾਲੇ ਹਨ, ਇਕ ਬੇੜੀ ਸੋਹਣੀ ਜਿਹੀ ਮੈਨੂੰ ਦੇ ਦੇਣ ਤਾਂ ਇਕ ਨਹੀਂ, ਪੰਜ ਪੁਤਰ ਲੈ ਲੈਣ।" ਉਹ ਸਭ ਖੁਸ਼ ਹੋ ਗਈਆਂ। ਬੀਬੀ ਨੇ ਮੱਥਾ ਟੇਕਿਆ ਤੇ ਕਿਹਾ ਕਿ "ਇਕ ਸੋਹਣੀ ਬੇੜੀ ਤੁਹਾਨੂੰ ਮਿਲ ਜਾਏਗੀ।" ਬਾਲਕ ਗੋਬਿੰਦ ਸਿੰਘ ਨੇ ਹਥ ਫੜੀ ਛੜੀ ਉਹਦੇ ਸਿਰ ਤੇ ਰਖ ਦਿਤੀ।

ਘਰ ਜਾਕੇ ਪਤੀ ਨੂੰ ਉਹਨੇ ਦਸਿਆ ਤੇ ਉਹਨੇ ਝਟ ਇਕ ਸੁੰਦਰ ਬੇੜੀ ਬਾਲਕ ਗੋਬਿੰਦ ਸਿੰਘ ਨੂੰ ਭੇਟ ਕਰ ਦਿਤੀ। ਸਮਾਂ ਪਾਕੇ ਉਹਦੇ ਘਰ ਇਕ ਲੜਕਾ ਹੋਇਆ ਤੇ ਫਿਰ ਉਪਰੋਂ ਥਲੀ ਪੰਜ ਹੀ ਪੁਤਰਾਂ ਦਾ ਜਨਮ ਹੋਇਆ।



# ਮਾਈ ਨਾਲ ਅਨੋਖੀ ਖੇਡ

ਘਰ ਦੇ ਨੇੜੇ ਹੀ ਇਕ ਗ਼ਰੀਬ ਮਾਈ ਰਹਿੰਦੀ ਸੀ ਜੋ ਚਰਖਾ ਕੱਤਕੇ ਗੁਜ਼ਾਰਾ ਕਰਦੀ ਸੀ ਤੇ ਬੜੀ ਮੁਸ਼ਕਲ ਨਾਲ ਦੋ ਵੇਲੇ ਦਾ ਅੰਨ ਮਿਲਦਾ ਸੀ। ਬਾਲ ਗੋਬਿੰਦ ਸਿੰਘ ਜੀ ਖੇਡਦੇ ਹੋਏ ਜਦ ਉਧਰੋਂ ਲੰਘਦੇ ਤਾ ਉਹਦੀਆਂ ਪੂਣੀਆਂ ਤੇ ਕੱਤਿਆ ਸੂਤ ਖਿਲਾਰ ਦਿੰਦੇ। ਸ਼ਰਾਰਤ ਕਰਕੇ ਘਰ ਆ ਜਾਂਦੇ। ਦੂਜੀ ਵਾਰ ਜਦ ਇਸ ਤਰ੍ਹਾਂ ਕੀਤਾ ਤਾਂ ਉਹ ਮਾਈ ਸ਼ਕਾਇਤ ਕਰਨ ਲਈ ਮਾਤਾ ਜੀ ਪਾਸ ਆ ਗਈ। ਮਾਤਾ ਜੀ ਨੇ ਚੋਖੇ ਰੁਪਏ ਦੇ ਕੇ ਖੁਸ਼ ਕਰ ਦਿਤਾ ਤੇ ਉਹ ਅਸੀਸਾਂ ਦਿੰਦੀ ਵਾਪਸ ਚਲੀ ਗਈ। ਇਉਂ ਕਈ ਵਾਰ ਹੋਇਆ। ਅਖੀਰ ਇਕ ਵਾਰ ਮਾਤਾ ਜੀ ਨੇ ਪੁਛਿਆ 'ਬੇਟਾ ਜੀ, ਇਉਂ ਕਿਉਂ ਕਰਦੇ ਹੋ? ਤਾਂ ਮੁਸਕਰਾਕੇ ਬਾਲਕ ਗੋਬਿੰਦ ਸਿੰਘ ਜੀ ਨੇ ਕਿਹਾ 'ਮੈਂ ਤਾਂ ਇਹਦੀ ਗ਼ਰੀਬੀ ਪਿਆ ਉਡਾਂਦਾ ਹਾਂ। ਤੁਸੀਂ ਇਹਨੂੰ ਜੋ ਦੇ ਰਹੇ ਹੋ, ਇਹ ਉਹਦੀ ਮਹੀਨਿਆਂ ਦੀ ਕਮਾਈ ਨਾਲੋਂ ਵੀ ਵਧ ਹੈ।' ਮਾਤਾ ਜੀ ਸਮਝ ਗਏ ਕਿ ਇਹ ਅਨੋਖਾ ਕੌਤਕ ਕਿਸੇ ਮੰਤਵ ਲਈ ਵਾਪਰਿਆ ਹੈ।



# ਰਾਜਾ ਫਤਹ ਚੰਦ ਨੂੰ ਨਿਹਾਲ ਕੀਤਾ

ਗੰਗਾ ਦੇ ਕਿਨਾਰੇ ਇਕ ਪੰਡਤ ਸ਼ਿਵ ਦੱਤ ਤਪ ਕਰਦਾ ਸੀ ਤੇ ਉਹਨੇ ਇਕ ਦਿਨ ਸਮਾਧੀ ਵਿਚ ਦੇਖਿਆ ਕਿ ਬਚਿਆਂ ਨਾਲ ਦਰਿਆ ਕੰਢੇ ਖੇਡਦਾ ਬਾਲ ਗੋਬਿੰਦ ਸਾਧਾਰਨ ਬਾਲਕ ਨਹੀਂ, ਰੱਬ ਦਾ ਖਾਸ ਪੁਤਰ ਹੈ। ਉਹਨੇ ਇਕ ਕੋਹੜੀ ਨੂੰ ਧੱਕਾ ਦੇ ਕੇ ਦਰਿਆ ਵਿਚ ਸੁਟਦਿਆਂ ਵੀ ਦੇਖਿਆ ਸੀ, ਨ੍ਹਾਕੇ ਨਵਾਂ ਨਰੋਇਆ ਤੇ ਕੋਹੜ ਦੇ ਦੁਖ ਤੋਂ ਛੁਟ ਗਿਆ ਵੀ ਦੇਖਿਆ। ਉਹ ਇਸ ਤਰ੍ਹਾਂ ਬਾਲ ਗੋਬਿੰਦ ਦਾ ਸ਼ਰਧਾਲੂ ਹੋ ਗਿਆ।

ਉਹਦਾ ਇਕ ਮਿੱਤਰ, ਸ਼ਹਿਰ ਦਾ ਧਨਾਡ ਤੇ ਵੱਡੀ ਜ਼ਮੀਨ ਦਾ ਮਾਲਕ ਫਤਹ ਚੰਦ ਮੈਣੀ ਤੇ ਉਹਦੀ ਪਤਨੀ ਘਾਟ ਤੇ ਸ਼ਿਵ ਦੱਤ ਪਾਸ ਆਏ ਤੇ ਉਹਨੂੰ ਕਹਿਣ ਲੱਗੇ-'ਰੱਬ ਪਾਸ ਸਾਡੇ ਲਈ ਅਰਦਾਸ ਕਰ ਕਿ ਸਾਨੂੰ ਰੱਬ ਇਕ ਪੁਤਰ ਦੇਵੇ। ਬੜੀ ਜਾਇਦਾਦ ਏ ਪਰ ਅਗੋਂ ਵਾਰਸ ਕੋਈ ਨਹੀਂ।' ਪੰਡਤ ਨੇ ਉਤਰ ਦਿਤਾ-'ਮੈਂ ਤੇ ਕਈ ਵਾਰ ਰੱਬ ਤੋਂ ਇਹ ਮੰਗ ਮੰਗੀ ਏ ਪਰ ਮੇਰੀ ਸੁਣੀ ਨਹੀਂ ਗਈ। ਹੁਣ ਆਪਣੇ ਸ਼ਹਿਰ ਵਿਚ ਰੱਬ ਦਾ ਖਾਸ ਪੁਤਰ, ਸਾਰੀਆਂ ਸ਼ਕਤੀਆਂ ਦਾ ਮਾਲਕ ਆਇਆ ਏ, ਗੁਰੂ ਤੇਗ਼ ਬਹਾਦਰ ਦਾ ਪੁਤਰ, ਉਹਨੂੰ ਯਾਦ ਕਰੋ ਤੇ ਉਹ ਤੁਹਾਡੀ ਮੁਰਾਦ ਪੂਰੀ ਕਰ ਸਕਦਾ ਹੈ। ਉਹ 'ਬਾਲਾ ਪ੍ਰੀਤਮ' ਜੇ। ਬਸ ਉਸ ਦਿਨ ਤੋਂ ਫਤਹ ਚੰਦ ਤੇ ਉਹਦੀ ਪਤਨੀ ਬਾਲ ਗੋਬਿੰਦ ਨੂੰ ਦਿਨ ਰਾਤ ਯਾਦ ਕਰਨ ਲਗੇ ਤੇ 'ਬਾਲਾ ਪ੍ਰੀਤਮ' ਦੀ ਹਰ ਵੇਲੇ ਰੱਟ ਲਗ ਗਈ।

ਜਦ ਚੋਖੇ ਦਿਨ ਸਿਦਕ ਨਾਲ ਯਾਦ ਕੀਤਾ, ਹਰ ਵੇਲੇ ਬਾਲਾ ਪ੍ਰੀਤਮ ਉਚਾਰਿਆ ਤਾਂ ਇਕ ਦਿਨ ਬਾਲਕ ਗੋਬਿੰਦ ਅਠ ਦਸ ਬਾਲਕਾਂ ਸਮੇਤ ਫਤਹ ਚੰਦ ਦੇ ਘਰ ਪਹੁੰਚ ਗਏ। ਸਮਾਧੀ ਲਾਕੇ ਬੈਠੀ ਫਤਹ ਚੰਦ ਦੀ ਪਤਨੀ ਦੀ ਗੋਦ ਵਿਚ ਜਾ ਬੈਠੇ ਤੇ ਹਸਦਿਆਂ ਆਖਿਆ, 'ਮਾਂ!' ਰਾਣੀ ਦੀ ਅੱਖ ਖੁਲੀ, ਦਰਸ਼ਨ ਕੀਤੇ ਤੇ ਨਿਹਾਲ ਹੋ ਗਈ। ਪਹਿਲੀ ਵਾਰ ਬਾਲ ਗੋਬਿੰਦ ਦੇ ਦਰਸ਼ਨ ਕਰਕੇ ਉਹਦੇ ਅੰਦਰ ਖੁਸ਼ੀ ਤੇ ਸੰਤੁਸ਼ਟਤਾ ਆ ਗਈ।





ਬਾਲ ਗੋਬਿੰਦ ਨੇ ਹੋਰ ਚੋਜ ਵਿਖਾਇਆ ਤੇ ਕਹਿਣ ਲਗੇ-'ਮਾਂ ਭੁਖ ਲਗੀ ਏ' 'ਹੁਣੇ ਲਉ ਜੀ' ਕਹਿ ਕੇ ਰਾਣੀ ਨੇ ਪਤੀ ਨੂੰ ਕਿਹਾ "ਤੁਰੰਤ ਮਠਿਆਈ ਮੰਗਵਾਉ ਤੇ ਜੋ ਫਲ ਬਾਹਰ ਮਿਲੇ ਛੇਤੀ ਲੈ ਆਉ।"

"ਅਸੀਂ ਤੇ ਉਹ ਛੋਲੇ ਪੂਰੀਆਂ ਖਾਣੀਆਂ ਨੇ ਜੋ ਤੁਸੀਂ ਬਣਾਕੇ ਅੰਦਰ ਰਖੀਆਂ ਹਨ," ਬਾਲ ਗੋਬਿੰਦ ਨੇ ਕਿਹਾ।



'ਲਉ ਜੀ ਝਟ ਅੰਦਰ ਜਿਤਨੇ ਵੀ ਛੋਲੇ ਤੇ ਪੂਰੀਆਂ ਸਨ ਉਹ ਲਿਆਕੇ ਅਗੇ ਰਖੀਆਂ। ਬਾਲ ਗੋਬਿੰਦ ਨੇ ਆਪਣੇ ਪਵਿੱਤਰ ਹੱਥਾਂ ਨਾਲ ਵਰਤਾਈਆਂ। ਸਭ ਨੂੰ ਦਿਤੀਆਂ ਤੇ ਫਿਰ ਇਕ ਪੂੜੀ ਆਪ ਵੀ ਖਾ ਲਈ। ਬਸ ਉਸ ਦਿਨ ਤੋਂ ਬਾਲ ਗੋਬਿੰਦ ਇਸ ਘਰ ਵਿਚ ਆਮ ਆਉਂਦੇ ਤੇ ਇਥੇ ਛੋਲੇ ਪੂੜੀਆਂ ਸਾਥੀਆਂ ਸਮੇਤ ਖਾਕੇ ਜਾਂਦੇ। ਰਾਜਾ ਫਤਹ ਚੰਦ ਤੇ ਉਹਦੀ ਪਤਨੀ ਦੀ ਪੁਤਰ ਦੀ ਭੁਖ ਵੀ ਪੂਰੀ ਹੋ ਗਈ ਤੇ ਪ੍ਰਭੂ ਦੇ ਦਰਸ਼ਨਾਂ ਦੀ ਲਾਲਸਾ ਵੀ। ਉਨ੍ਹਾਂ ਪਿਛੋਂ ਆਪਣੇ ਘਰ ਗੁਰਦੁਆਰਾ ਬਣਾ ਦਿਤਾ। ਜੋ ਹੁਣ ਵੀ 'ਮੈਣੀ ਸੰਗਤ' ਦੇ ਨਾਮ ਨਾਲ ਪ੍ਰਸਿਧ ਹੈ। ਤੇ ਅੱਜ ਵੀ ਇਸ ਗੁਰਦੁਆਰੇ ਵਿਚ ਛੋਲੇ ਪੂੜੀਆਂ ਦਾ ਹੀ ਪ੍ਰਸ਼ਾਦਿ ਸੰਗਤਾਂ ਨੂੰ ਮਿਲਦਾ ਹੈ।



www.sikhbookclub.com

# ਇਤਿਹਾਸਕ ਅਸਥਾਨ–ਗੋਬਿੰਦ ਘਾਟ

ਪੰਡਤ ਸ਼ਿਵ ਦੱਤ ਪਹਿਲਾਂ ਤਾਂ ਠਾਕਰਾਂ ਦਾ ਪੁਜਾਰੀ ਸੀ ਤੇ ਦਰਿਆ ਗੰਗਾ ਰੋਜ਼ਾਨਾ ਅੰਮ੍ਰਿਤ ਵੇਲੇ ਠਾਕਰਾਂ ਦੀਆਂ ਮੂਰਤੀਆਂ ਰਖਕੇ ਪੂਜਾ ਕਰਦਾ ਸੀ ਪਰ ਜਦੋਂ ਅਨੁਭਵ ਕਰ ਲਿਆ ਕਿ ਬਾਲਕ ਗੋਬਿੰਦ ਅਸਲ ਵਿਚ ਪ੍ਰਭੂ ਦੀ ਭੇਜੀ ਹੋਈ ਵਿਸ਼ੇਸ਼ ਆਤਮਾ ਹੈ ਤਾਂ ਉਹਨੇ ਬਾਲਕ ਗੋਬਿੰਦ ਦੀ ਅੰਤਰ ਧਿਆਨ ਹੋਕੇ ਪੂਜਾ ਕਰਨੀ ਸ਼ੁਰੂ ਕਰ ਦਿਤੀ। ਧਿਆਨ ਲਾਕੇ ਬਾਲਾ ਪ੍ਰੀਤਮ ਦੇ ਹੀ ਦਰਸ਼ਨ ਕਰਦਾ। ਬਾਲਕ ਗੋਬਿੰਦ ਵੀ ਉਹਦੀ ਸ਼ਰਧਾ ਦੇਖਕੇ ਸਵੇਰੇ ਸਵੇਰੇ ਘਾਟ ਤੇ ਆ ਜਾਂਦੇ ਤੇ ਪੰਡਤ ਸ਼ਿਵ ਦੱਤ ਨੂੰ ਸਾਖਿਆਤ ਦਰਸ਼ਨ ਦੇ ਜਾਂਦੇ। ਜਿਸ ਦਿਨ ਬਾਲਕ ਗੋਬਿੰਦ ਨਾ ਆਉਂਦੇ, ਪੰਡਤ ਸ਼ਿਵ ਦੱਤ ਉਸ ਦਿਨ ਸ਼ਾਮ ਨੂੰ ਜ਼ਰੂਰ ਫਤਹ ਚੰਦ ਦੇ ਘਰ ਮੈਣੀ ਸੰਗਤ ਵਿਚ ਪਹੁੰਚ ਜਾਂਦਾ ਤੇ ਉਥੇ ਦਰਸ਼ਨ ਕਰ ਲੈਂਦਾ। ਜੇ ਉਥੇ ਵੀ ਦਰਸ਼ਨ ਨ ਹੁੰਦੇ ਤਾਂ ਘਰ ਆ ਜਾਂਦਾ। ਕੁਝ ਵੀ ਹੋਵੇ ਉਹ ਦਰਸ਼ਨ ਕੀਤੇ ਬਿਨਾਂ ਘਰ ਨਾ ਜਾਂਦਾ। ਬ੍ਰਹਮਣ ਲੋਕ ਸ਼ਿਵ ਦੱਤ ਨਾਲ ਗੁੱਸੇ ਹੋ ਗਏ ਕਿ ਉਹਨੇ ਠਾਕਰਾਂ ਦੀ ਪੂਜਾ ਦੀ ਥਾਂ ਬਾਲਕ ਗੋਬਿੰਦ ਦੀ ਪੂਜਾ ਕਿਉਂ ਸ਼ੁਰੂ ਕਰ ਦਿਤੀ ਹੈ ਪਰ ਸ਼ਿਵ ਦੱਤ ਨੇ ਕਿਸੇ ਦੀ ਪ੍ਰਵਾਹ ਨ ਕੀਤੀ। ਉਹ ਆਪਣੀ ਧੁਨ ਤੇ ਸ਼ਰਧਾ ਵਿਚ ਲੱਗਾ ਹੋਇਆ ਸੀ। ਉਹਦੀ ਅੰਤਰ ਆਤਮਾ ਨੂੰ ਖੁਸ਼ੀ ਤੇ ਸੰਤੁਸ਼ਟਤਾ ਸੀ ਤੇ ਇਸੇ ਵਿਚ ਉਹ ਅਨੰਦ ਅਨੁਭਵ ਕਰਦਾ ਸੀ।

ਜਿਸ ਘਾਟ ਤੇ ਸਵੇਰੇ ਬਾਲਾ ਪ੍ਰੀਤਮ ਜੀ ਸ਼ਿਵ ਦੱਤ ਨੂੰ ਦਰਸ਼ਨ ਦਿਆ ਕਰਦੇ ਸਨ, ਉਸ ਦਾ ਨਾਮ 'ਗੋਬਿੰਦ ਘਾਟ' ਪੈ ਗਿਆ ਤੇ ਅਜਕਲ ਉਥੇ ਸ਼ਾਨਦਾਰ ਯਾਦਗਾਰ ਬਣੀ ਹੋਈ ਹੈ।





# ਦੋ ਨਵਾਬ ਭਰਾਵਾਂ ਤੇ ਕਿਰਪਾ ਦ੍ਰਿਸ਼ਟੀ ਹੋਈ

ਇਸ ਪਟਨਾ ਸ਼ਹਿਰ ਵਿਚ ਦੋ ਮੁਸਲਮਾਨ ਭਰਾ ਨਵਾਬ ਰਹੀਮ ਬਖਸ਼ ਤੇ ਕਰੀਮ ਬਖਸ਼ ਰਹਿੰਦੇ ਸਨ ਜਿਨ੍ਹਾਂ ਦੀ ਪਟਨਾ ਸ਼ਹਿਰ ਤੇ ਆਸ ਪਾਸ ਬਹੁਤ ਹੀ ਜਾਇਦਾਦ, ਜ਼ਮੀਨਾਂ ਤੇ ਕਾਰੋਬਾਰ ਸੀ। ਇਸ ਕਰਕੇ ਲੋਕ ਇਨ੍ਹਾਂ ਨੂੰ ਨਵਾਬ ਕਹਿੰਦੇ ਸਨ। ਜਦੋਂ ਗੁਰੂ ਤੇਗ਼ ਬਹਾਦਰ ਜੀ ਪਟਨੇ ਸ਼ਹਿਰ ਆਏ, ਇਹਨਾਂ ਦੇ ਬਾਗ ਵਿਚ ਏਕਾਂਤ ਦੇਖਕੇ ਉਥੇ ਪ੍ਰਭੂ ਭਗਤੀ ਵਿਚ ਲੀਨ ਹੋ ਗਏ। ਉਹ ਬਾਗ਼ ਸੁਕ ਰਿਹਾ ਸੀ ਜੋ ਗੁਰੂ ਜੀ ਦੇ ਚਰਨ ਪੈਣ ਨਾਲ ਹਰਾ ਭਰਾ ਹੋ ਗਿਆ। ਰੱਬ ਦੇ ਪਿਆਰਿਆਂ ਵਿਚ ਇਤਨੀ ਬਰਕਤ ਦੇਖਕੇ ਦੋਵੇਂ ਨਵਾਬ ਭਰਾ ਗੁਰੂ ਘਰ ਦੇ ਸ਼ਰਧਾਲੂ ਹੋ ਗਏ।

ਜਦੋਂ ਗੁਰੂ ਤੇਗ਼ ਬਹਾਦਰ ਆਸਾਮ ਵਲ ਚਲੇ ਗਏ ਤਾਂ ਪਿਛੇ ਉਨ੍ਹਾਂ ਦੇ ਪਰਵਾਰ ਵਿਚ ਬਾਲਕ ਗੋਬਿੰਦ ਜੀ ਪਟਨੇ ਵਿਚ ਵਿਚਰ ਰਹੇ ਸਨ ਤਾਂ ਇਨ੍ਹਾਂ ਭਰਾਵਾਂ ਨੇ ਗੁਰੂ ਪਰਵਾਰ ਦੀ ਪੀਰ ਪੈਗੰਬਰ ਸਮਝਕੇ ਸੇਵਾ ਕੀਤੀ। ਜਦੋਂ ਬਾਲਾ ਪ੍ਰੀਤਮ ਪਟਨੇ ਤੋਂ ਅਨੰਦਪੁਰ ਸਾਹਿਬ ਵਲ ਜਾਣ ਲਗੇ ਤਾਂ ਇਹ ਦੋਵੇਂ ਨਵਾਬ ਭਰਾ ਵੀ ਉਦਾਸ ਹੋ ਗਏ।



ਬਾਲ ਗੋਬਿੰਦ ਜੀ ਨੇ ਪੁਛਿਆ ਕਿ ਤੁਸੀਂ ਕੋਈ ਮੰਗ ਮੰਗੋ। ਉਨ੍ਹਾਂ ਹੱਥ ਜੋੜਕੇ ਬੇਨਤੀ ਕੀਤੀ ਕਿ ਸਾਨੂੰ ਤਾਂ ਤੁਹਾਡੇ ਦਰਸ਼ਨਾਂ ਦੀ ਸਿੱਕ ਹੈ ਤਾਂ ਬਾਲਾ ਪ੍ਰੀਤਮ ਨੇ ਉਤਰ ਦਿਤਾ- ਤੁਹਾਨੂੰ ਗੁਰਦੇਵ ਪਿਤਾ ਜਪੁਜੀ ਦਾ ਰੋਜ਼ਾਨਾ ਪਾਠ ਕਰਨਾ ਕਹਿ ਗਏ ਸਨ ਤੇ ਹੁਣ ਜਦੋਂ ਤੁਸੀਂ ਜਪੁਜੀ ਦੇ ਪਾਠ ਦਾ ਭੋਗ ਪਾਇਆ ਕਰੋਗੇ ਤਾਂ ਉਸ ਵੇਲੇ ਮੇਰੇ ਦਰਸ਼ਨ ਹੋ ਜਾਇਆ ਕਰਨਗੇ। ਇਹ ਭਰਾਵਾਂ ਨੇ ਇਕ ਪਿੰਡ ਪੂਰਾ ਤੇ ਉਹੀ ਬਾਗ਼ ਜਿਸ ਵਿਚ ਗੁਰੂ ਜੀ ਬੈਠੇ ਸਨ, ਦੋਵੇਂ ਗੁਰੂ ਕੇ ਲੰਗਰ ਦੇ ਨਾਮ ਲਵਾ ਦਿਤੇ। ਹੁਣ ਤਕ ਇਹ ਗੁਰਦੁਆਰਾ ਪਟਨਾ ਸਾਹਿਬ ਦੀ ਮਾਲਕੀ ਵਿਚ ਹਨ।


# ਜਗਤਾ ਸੇਠ ਸੇਵਾ ਕਰਕੇ ਤਰ ਗਿਆ

ਜਗਤਾ ਸੇਠ ਵੀ ਪਟਨੇ ਦਾ ਇਕ ਪ੍ਰਸਿਧ ਵਪਾਰੀ ਸੀ ਜਿਸ ਦੀਆਂ ਦੁਕਾਨਾਂ ਤੇ ਸਟੋਰ ਦੇਸ਼ ਭਰ ਵਿਚ ਉਸ ਸਮੇਂ ਸਨ। ਉਸ ਸਮੇਂ ਅਜੇਹੀਆਂ ਦੁਕਾਨਾਂ ਨੂੰ ਕੋਠੀਆਂ ਤੇ ਮਾਲਕ ਨੂੰ ਕੋਠੀਦਾਰ ਵੀ ਕਹਿੰਦੇ ਸਨ। ਬੇਹਿਸਾਬ ਧਨ ਸੀ ਪਰ ਪੁੱਤਰ ਕੋਈ ਨਹੀਂ ਸੀ। ਪੁੱਤਰ ਦੀ ਲਾਲਸਾ ਵਿਚ ਉਹਨੇ ਤਿੰਨ ਵਿਆਹ ਕਰਵਾਏ ਪਰ ਕਿਸੇ ਵਿਚੋਂ ਵੀ ਪੁੱਤਰ ਨ ਹੋਇਆ। ਗੁਰੂ ਤੇਗ਼ ਬਹਾਦਰ ਜਦ ਪਟਨੇ ਵਿਚ ਆਏ ਤਾਂ ਪੂਰੀ ਸ਼ਰਧਾ ਤੇ ਪਿਆਰ ਨਾਲ ਜਗਤਾ ਸੇਠ ਨੇ ਉਹਨਾਂ ਦੀ ਸੇਵਾ ਕੀਤੀ। ਰੋਜ਼ ਸੰਗਤ ਵਿਚ ਆਉਂਦਾ, ਕੀਰਤਨ ਸੁਣਦਾ। ਮਨ ਤੇ ਆਤਮਾ ਗੁਰ ਉਪਦੇਸ ਸੁਣਦੇ ਤੇ ਉਹਨੂੰ ਮਾਨਸਕ ਤੌਰ ਤੇ ਸੰਤੁਸ਼ਟਤਾ ਤੇ ਖੁਸ਼ੀ ਮਿਲਦੀ। ਇਕ ਦਿਨ ਉਹਨੇ ਮਨ ਵਿਚ ਧਾਰਿਆ ਕਿ ਅੱਜ ਜੇ ਗੁਰੂ ਜੀ ਖੁਸ਼ੀ ਤੇ ਪ੍ਰਸੰਨਤਾ ਦੇ ਘਰ ਆਕੇ ਮੈਨੂੰ ਪੁੱਤਰ ਦੀ ਦਾਤ ਦੇਣ ਤਾਂ ਮੇਰੇ ਮਨ ਦੀ ਇਹ ਅਭਿਲਾਸ਼ਾ ਵੀ ਪੂਰੀ ਹੋ ਜਾਏ। ਉਸ ਦਿਨ ਗੁਰੂ ਜੀ ਨੇ ਉਹਨੂੰ ਉਚੇਚੇ ਤੌਰ ਤੇ ਸੱਦਕੇ ਤਿੰਨ ਸੇਬ ਪ੍ਰਸ਼ਾਦਿ ਵਜੋਂ ਦਿਤੇ। ਉਹ ਸੰਤੁਸ਼ਟ ਹੋ ਗਿਆ ਤੇ ਘਰ ਜਾਕੇ ਤਿੰਨਾ ਪਤਨੀਆਂ ਨੂੰ ਇਕ ਇਕ ਸੇਬ ਖੁਆ ਦਿਤਾ।

ਅਗਲੇ ਸਾਲ ਉਹਦੇ ਘਰ ਤਿੰਨਾਂ ਪਤਨੀਆਂ ਵਿਚੋਂ ਤਿੰਨ ਪੁਤਰ ਹੋ ਗਏ। ਉਹ ਤਾਂ ਗੁਰੂ ਤੇਗ਼ ਬਹਾਦਰ ਦੀ ਪੂਜਾ ਕਰਨ ਲੱਗਾ। ਗੁਰੂ ਜੀ ਪਟਨੇ ਵਿਚ ਨਹੀਂ ਸਨ ਇਸ ਲਈ ਤਿੰਨੇ ਪੁੱਤਰ ਤੇ ਪਤਨੀਆਂ ਲੈਕੇ ਮਾਤਾ ਗੁਜਰੀ ਜੀ ਪਾਸ ਆਇਆ ਤੇ ਬਾਲਾ ਪ੍ਰੀਤਮ, ਬਾਲਕ ਗੋਬਿੰਦ ਜੀ ਲਈ ਬਹੁਤ ਸਾਰੇ ਖਿਡੌਣੇ, ਬਸਤਰ ਤੇ ਹੋਰ ਵਸਤਾਂ ਲੈ ਆਇਆ। ਬਾਲਾ ਪ੍ਰੀਤਮ ਨੂੰ ਉਹਨੇ ਪੁਛਿਆ, 'ਆਪ ਕੀ ਪਸੰਦ ਕਰੋਗੇ?' ਬਾਲਕ ਗੋਬਿੰਦ ਜੀ ਨੇ ਤੀਰ ਕਮਾਨ ਤੇ ਸੁੰਦਰ ਕਟਾਰ ਦੀ ਇੱਛਾ ਪ੍ਰਗਟ ਕੀਤੀ ਤਾਂ ਉਹ ਦੂਜੇ ਦਿਨ ਹੀ ਇਹ ਵਸਤੂਆਂ ਲੈ ਆਇਆ। ਜਿਤਨਾ ਚਿਰ ਬਾਲਕ ਗੋਬਿੰਦ ਜੀ ਪਟਨੇ ਰਹੇ, ਜਗਤਾ ਸੇਠ ਤੇ ਉਹਦਾ ਪਰਵਾਰ ਰੋਜ਼ ਹਾਜ਼ਰੀ ਭਰਦਾ, ਦਰਸ਼ਨ ਕਰਦਾ ਤੇ ਕੀਮਤੀ ਵਸਤਾਂ ਭੇਂਟ ਕਰਕੇ ਖੁਸ਼ ਹੁੰਦਾ।

ਜਦ ਬਾਲ ਗੋਬਿੰਦ ਜੀ ਪਟਨੇ ਤੋਂ ਚੱਲਣ ਲਗੇ ਤਾਂ ਜਗਤਾ ਸੇਠ ਨੇ ਉਨ੍ਹਾਂ ਦੇ ਰਸਤੇ ਵਿਚ ਥਾਂ ਥਾਂ ਠਹਿਰਨ, ਸੁਆਗਤ ਤੇ ਸੇਵਾ ਲਈ ਆਪਣੀਆਂ ਦੁਕਾਨਾਂ ਤੇ ਸਟੋਰਾਂ ਤੇ ਪ੍ਰਬੰਧ ਕੀਤਾ ਤੇ ਹਰ ਥਾਂ ਉਹਦੇ ਆਦਮੀ ਪ੍ਰਬੰਧ ਲਈ ਪਹਿਲਾਂ ਹੀ ਚਲੇ ਗਏ। ਜਦ ਪਟਨੇ ਤੋਂ ਸਾਹਿਬਜ਼ਾਦਾ ਗੋਬਿੰਦ ਜੀ ਚੱਲਣ ਲਗੇ ਤਾਂ ਜਗਤਾ ਸੇਠ ਪਰਵਾਰ ਸਮੇਤ ਹਾਜ਼ਰ ਹੋਇਆ ਤੇ ਕਿਹਾ ਕਿ ਸਾਨੂੰ ਤੁਹਾਡੇ ਦਰਸ਼ਨ ਕਿਸ ਤਰ੍ਹਾਂ ਹੋਇਆ ਕਰਨਗੇ? ਤਾਂ ਸਾਹਿਬਜ਼ਾਦਾ ਗੋਬਿੰਦ ਜੀ ਨੇ ਉਤਰ ਦਿਤਾ 'ਰੋਜ਼ ਗੁਰਦੁਆਰੇ ਸੰਗਤ ਵਿਚ ਆਇਆ ਕਰਨਾ। ਸੰਗਤ ਵਿਚ ਤੁਸੀਂ ਹਮੇਸ਼ਾ ਮੇਰੇ ਦਰਸ਼ਨ ਕਰ ਸਕਿਆ ਕਰੋਗੇ।


www.sikhbookclub.com




www.sikhbookclub.com

# ਗੁਰੂ ਪਰਵਾਰ ਦਾ ਪਟਨੇ ਤੋਂ ਕੂਚ

ਗੁਰੂ ਤੇਗ਼ ਬਹਾਦਰ ਜੀ ਆਸਾਮ ਤੋਂ ਆਕੇ ਪਟਨੇ ਵਿਚ ਸਾਹਿਬਜ਼ਾਦੇ ਦੇ ਦਰਸ਼ਨ ਕਰਕੇ 23 ਦਿਨ ਠਹਿਰ ਕੇ ਆਪ ਅਨੰਦਪੁਰ ਚਲੇ ਗਏ ਤੇ ਪਰਵਾਰ ਨੂੰ ਕੁਝ ਸਮਾਂ ਹੋਰ ਉਥੇ ਹੀ ਰਹਿਣ ਲਈ ਆਦੇਸ਼ ਦੇ ਗਏ।

ਬਾਲ ਗੋਬਿੰਦ ਜੀ ਜਦ ਪੰਜ ਸਾਲ ਤੋਂ ਵਧੇਰੀ ਆਯੂ ਦੇ ਹੋ ਗਏ ਤਾਂ ਆਪ ਨੇ ਕਹਿਣਾ ਸ਼ੁਰੂ ਕਰ ਦਿਤਾ ਕਿ ਇਸ ਦੇਸ਼ ਵਿਚ ਹੋਰ ਨਹੀਂ ਰਹਿਣਾ ਤੇ ਪਿਤਾ ਜੀ ਪਾਸ ਚੱਲਣਾ ਹੈ। ਇਹਨਾਂ ਦਿਨਾਂ ਵਿਚ ਹੀ ਅਨੰਦਪੁਰ ਸਾਹਿਬ ਤੋਂ ਗੁਰੂ ਤੇਗ਼ ਬਹਾਦਰ ਜੀ ਦਾ ਸੰਦੇਸ਼ ਆ ਗਿਆ ਕਿ ਪਰਵਾਰ ਸਹਿਬਜ਼ਾਦੇ ਨੂੰ ਲੈਕੇ ਅਨੰਦਪੁਰ ਆ ਜਾਏ। ਇਹ ਹੁਕਮ ਮਿਲਦੇ ਸਾਰ ਹੀ ਪਰਵਾਰ ਨੇ ਪਟਨੇ ਤੋਂ ਕੂਚ ਦੀ ਤਿਆਰੀ ਕਰ ਲਈ। ਜਦੋਂ ਸ਼ਹਿਰ ਵਿਚ ਇਸ ਗੱਲ ਦਾ ਗੁਰੂ ਘਰ ਦੇ ਪ੍ਰੇਮੀਆਂ, ਸੰਗਤ ਤੇ ਖਾਸ ਕਰਕੇ ਉਨ੍ਹਾਂ ਪਰਵਾਰਾਂ ਨੂੰ ਪਤਾ ਲਗਾ ਜੋ ਸਾਹਿਬਜ਼ਾਦੇ ਗੋਬਿੰਦ ਜੀ ਨੂੰ ਬੇਹਦ ਪਿਆਰ ਕਰਦੇ ਸਨ, ਉਹ ਸਭ ਨਿਰਾਸ਼, ਉਦਾਸ ਤੇ ਦਿਲਗੀਰ ਹੋਏ। ਜਿਹੜਾ ਵੀ ਮਿਲਣ ਆਏ, ਦਰਸ਼ਨ ਕਰਦਿਆਂ ਅੱਖਾਂ ਭਰ ਲਏ। ਰਾਜਾ ਫਤਹ ਚੰਦ ਤੇ ਉਹਦੀ ਪਤਨੀ ਤਾਂ ਇਓਂ ਬਾਲ ਗੋਬਿੰਦ ਨੂੰ ਗਲਵੱਕੜੀ ਵਿਚ ਲੈਕੇ ਰੋਏ ਜਿਵੇਂ ਕੁਖ ਤੋਂ ਜਨਮੇਂ ਬੱਚੇ ਦੇ ਵਿਛੋੜੇ ਤੇ ਮਾਂ ਪਿਉ ਦਾ ਹਾਲ ਹੁੰਦਾ ਹੈ।


ਬਾਲ ਗੋਬਿੰਦ ਨੇ ਇਕ ਕ੍ਰਿਪਾਨ, ਇਕ ਕਟਾਰ ਤੇ ਆਪਣੀ ਪੁਸ਼ਾਕੀ ਉਨ੍ਹਾਂ ਨੂੰ ਨਿਸ਼ਾਨੀ ਦਿਤੀ ਤੇ ਕਿਹਾ ਕਿ ਜਦੋਂ ਬਹੁਤਾ ਦਿਲ ਉਦਾਸ ਹੋਏ ਤਾਂ ਇਨਾਂ ਦੇ ਦਰਸ਼ਨ ਕਰਨੇ। ਇਹ ਮੇਰੇ ਨਾਲ ਤੁਹਾਡੇ ਘਰ ਆਉਂਦੇ ਬਾਲਕਾਂ ਨੂੰ ਪਹਿਲਾਂ ਵਾਂਗ ਹੀ ਪਿਆਰ ਨਾਲ ਬੁਲਾਕੇ ਪੂੜੀਆਂ ਛੋਲੇ ਖੁਆਣੇ ਤੇ ਇਸ ਸਮੇਂ ਤੁਹਾਨੂੰ ਮੇਰੇ ਦਰਸ਼ਨ ਵੀ ਹੋ ਜਾਇਆ ਕਰਨਗੇ। ਉਹਨਾਂ ਨੇ ਪਿਛੋਂ ਰੋਜ਼ ਹੀ ਸ਼ਾਮ ਨੂੰ ਬਾਲ ਬੁਲਾਕੇ ਛੋਲੇ ਪੂੜੀ ਖਵਾਣੇ ਸ਼ੁਰੂ ਕਰ ਦਿਤੇ।


ਪੰਡਤ ਸ਼ਿਵ ਦੱਤ ਨੂੰ ਵੀ ਜਦ ਦਿਲਗੀਰ ਦੇਖਿਆ ਤਾਂ ਬਾਲ ਗੋਬਿੰਦ ਜੀ ਨੇ ਉਹਨੂੰ ਗਲਵਕੜੀ ਵਿਚ ਲੈਕੇ ਕਿਹਾ, "ਸ਼ਿਵਦੱਤ! ਤੈਨੂੰ ਸਵੇਰ ਦੀ ਪੂਜਾ ਸਮੇਂ ਦਰਸ਼ਨ ਹੋਇਆ ਕਰਨਗੇ। ਤੇਰਾ ਕਲਿਆਨ ਹੋ ਗਿਆ ਏ।" ਇਸੇ ਤਰ੍ਹਾਂ ਇਕ ਹੋਰ ਮਹਾਂਪੁਰਖ ਜੈਤੇ ਭਗਤ ਨੂੰ ਬਾਲਾ ਪ੍ਰੀਤਮ ਨੇ ਧਰਵਾਸ ਦਿੰਦਿਆਂ ਕਿਹਾ ਕਿ ਪਿਆਰ ਨਾਲ ਸਵੇਰੇ ਨਿਤਨੇਮ ਕਰਨਾ ਤੇ ਪ੍ਰਭੂ ਭਗਤੀ ਨੂੰ ਹੀ ਜੀਵਨ ਦਾ ਆਧਾਰ ਬਨਾਣਾ। ਨਿਤਨੇਮ ਕਰਦੇ ਰਹੋਗੇ ਤਾਂ ਉਸ ਸਮੇਂ ਮੈਨੂੰ ਆਪਣੇ ਕੋਲ ਬੈਠਾ ਅਨੁਭਵ ਕਰੋਗੇ।"


www.sikhbookclub.com

ਫਿਰ ਸਾਰੀ ਸੰਗਤ ਵਲੋਂ ਅਰਦਾਸ ਹੋਈ ਤਾ ਆਪ ਬਾਲਾ ਪ੍ਰੀਤਮ ਬੋਲੇ, "ਸਾਧ ਸੰਗਤ ਜੀ! ਮੇਰੇ ਸਰੀਰ ਦਾ ਦਰਸ਼ਨ ਚਾਹੋ ਤਾਂ ਮੈਂ ਆਪਣਾ ਪੰਘੂੜਾ ਛਡ ਚਲਿਆ ਹਾਂ। ਜਿਸ ਦਾ ਜੀਅ ਉਮਲੇ ਦਰਸ਼ਨ ਕਰ ਲਿਆ ਕਰਨਾ। ਜੇ ਮੇਰੀ ਆਤਮਾ ਦਾ ਦਰਸ਼ਨ ਚਾਹੋ ਤਾਂ ਅੰਮ੍ਰਿਤ ਵੇਲੇ ਦੀਵਾਨ ਵਿਚ ਆਕੇ ਸ਼ਬਦ ਵਿਚ ਸੁਰਤ ਜੋੜ ਲੈਣੀ ਤਾਂ ਮਨ ਵਿਚ ਮੇਰੇ ਦਰਸ਼ਨ ਹੋ ਜਾਇਆ ਕਰਨਗੇ।"

ਜਦ ਗੁਰ ਪਰਵਾਰ ਤੇ ਬਾਲ ਗੋਬਿੰਦ ਜੀ ਪਟਨੇ ਤੋਂ ਚਲੇ ਤਾਂ ਸੇਜਲ ਨੇਤਰਾਂ ਨਾਲ ਵੱਡੀ ਗਿਣਤੀ ਵਿਚ ਸੰਗਤ ਸ਼ਹਿਰ ਤੋਂ ਬਾਹਰ ਦੂਰ ਤਕ ਛੱਡਣ ਲਈ ਆਈ।






# ਬਾਲਾ ਪ੍ਰੀਤਮ ਦਾਨਾਪੁਰ ਪਹੁੰਚੇ

ਗੁਰੂ ਪਰਵਾਰ ਪਟਨੇ ਤੋਂ ਚਲਿਆ ਤਾਂ ਕਿ ਕਾਫਲਾ ਉਨ੍ਹਾਂ ਦੇ ਨਾਲ ਸੀ। ਬਾਲਾ ਪ੍ਰੀਤਮ ਇਕ ਪਾਲਕੀ ਤੇ ਸਵਾਰ ਸਨ। ਮਾਤਾ ਨਾਨਕੀ ਤੇ ਮਾਤਾ ਗੁਜਰੀ ਜੀ ਡੋਲਿਆਂ ਵਿਚ ਤੇ ਹੋਰ ਸਾਥੀ ਬਹਿਲੀਆਂ ਵਿਚ ਸਵਾਰ ਹੋ ਗਏ। ਪਟਨੇ ਦੀ ਸੰਗਤ ਪਹਿਲੇ ਪੜਾ ਦਾਨਾਪੁਰ ਤਕ ਨਾਲ ਸ਼ਬਦ ਕੀਰਤਨ ਕਰਦੀ ਆਈ। ਇਹ ਥਾਂ ਪਟਨੇ ਤੋਂ 20 ਮੀਲ ਦੂਰ ਸੀ। ਇਥੇ ਜਗਤਾ ਸੇਠ ਦੀ ਦੁਕਾਨ ਵੀ ਸੀ ਤੇ ਉਹਨਾਂ ਸਾਰਿਆਂ ਦੇ ਠਹਿਰਨ ਦਾ ਪ੍ਰਬੰਧ ਵੀ ਕੀਤਾ ਪਰ ਬਾਲਾ ਪ੍ਰੀਤਮ ਸ੍ਰੀ ਗੋਬਿੰਦ ਜੀ ਕਹਿਣ ਲਗੇ ਕਿ ਇਥੇ ਇਕ ਮਾਈ ਹੈ ਜਿਸ ਨੇ ਗੁਰਦੇਵ-ਪਿਤਾ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਹਾਂਡੀ ਵਿਚ ਖਿਚੜੀ ਰਿੰਨ੍ਹ


www.sikhbookclub.com

ਕੇ ਖਵਾਈ ਸੀ। ਉਹ ਯਾਦ ਹੀ ਕਰ ਰਹੇ ਸਨ ਕਿ ਉਹੀ ਮਾਈ ਸੰਗਤ ਵਿਚ ਆ ਗਈ ਤੇ ਜਿਹਨੇ ਬੇਨਤੀ ਕੀਤੀ ਕਿ ਉਸੇ ਹਾਂਡੀ ਵਿਚ ਅੱਜ ਸਾਹਿਬਜ਼ਾਦੇ ਲਈ ਖਿੱਚੜੀ ਰਿੰਨ੍ਹ ਕੇ ਆਈ ਹਾਂ ਤੇ ਬਾਕੀ ਸੰਗਤ ਲਈ ਦਾਲ ਰੋਟੀ ਤਿਆਰ ਹੈ। ਮਾਈ ਨੇ ਗੁਰੂ ਤੇਗ਼ ਬਹਾਦਰ ਜੀ ਦੇ ਖਿੱਚੜੀ ਖਾ ਜਾਣ ਪਿਛੋਂ ਉਹ ਹਾਂਡੀ ਗੁਰਦੇਵ ਦੀ ਯਾਦ ਵਿਚ ਸੰਭਾਲ ਰਖੀ ਸੀ। ਜਦੋਂ ਸਾਹਿਬਜ਼ਾਦਾ ਸ੍ਰੀ ਗੋਬਿੰਦ ਜੀ ਖਿਚੜੀ ਖਾਕੇ ਮਾਈ ਨੂੰ ਅਸੀਸਾਂ ਦਿਤੀਆਂ ਤਾਂ ਉਹਨੇ ਆਪਣਾ ਘਰ ਗੁਰਦੁਆਰੇ ਦੇ ਰੂਪ ਵਿਚ ਬਦਲ ਦਿਤਾ ਜਿਸ ਨੂੰ ਹੁਣ ਵੀ 'ਹਾਂਡੀ ਵਾਲੀ ਸੰਗਤ' ਆਖਦੇ ਹਨ।





www.sikhbookclub.com

# ਗੁਰੂ-ਪਰਵਾਰ ਕਾਂਸ਼ੀ ਪਹੁੰਚ ਗਿਆ

ਉਸ ਸਮੇਂ ਤਕ ਸਾਰੇ ਦੇਸ਼ ਵਿਚ ਗੁਰੂ ਨਾਨਕ ਦੇ ਇਸ ਘਰ ਤੇ ਗੁਰੂ ਤੇਗ਼ ਬਹਾਦਰ ਜੀ ਦੀ ਉਪਮਾਂ ਇਤਨੀ ਫੈਲ ਗਈ ਸੀ ਕਿ ਹਰ ਨਗਰ ਤੇ ਹਰ ਪਿੰਡ ਵਿਚ ਇਨ੍ਹਾਂ ਨੂੰ ਰੁਕਣਾ ਪੈਂਦਾ। ਸੰਗਤਾਂ ਨੂੰ ਦਰਸ਼ਨ ਦਿੰਦੇ ਤੇ ਕੀਰਤਨ ਦਾ ਪ੍ਰਵਾਹ ਚਲਦਾ। ਰਾਹ ਵਿਚ ਥੋਹੜਾ ਥੋਹੜਾ ਕੇਵਲ ਉਥੇ ਰੁਕਦੇ ਜਿਥੇ ਰਾਤ ਪੈ ਜਾਂਦੀ। ਇਉਂ ਦਾਨਾਪੁਰ ਤੋਂ ਚੱਲਕੇ ਕਈ ਦਿਨਾਂ ਪਿਛੋਂ ਕਾਂਸ਼ੀ ਪਹੁੰਚੇ ਜੋ ਦੇਸ਼ ਵਿਚ ਪੁਰਾਤਨ ਸਮੇਂ ਤੋਂ ਪ੍ਰਸਿਧ ਤੀਰਥ ਸੀ। ਇਥੇ ਗੁਰੂ ਤੇਗ਼ ਬਹਾਦਰ ਕਈ ਮਹੀਨੇ ਠਹਿਰ ਕੇ ਗਏ ਸਨ ਤੇ ਤਪ ਗੁਫਾ ਵੀ ਅਜੇ ਤਕ ਗੁਰਦੁਆਰੇ ਦੇ ਰੂਪ ਵਿਚ ਕਾਇਮ ਹੈ। ਇਥੇ ਹੀ ਬਾਲਾ ਪ੍ਰੀਤਮ ਤੇ ਪਰਵਾਰ ਦਾ ਮੁੜਕੇ ਉਤਾਰਾ ਹੋਇਆ।

ਇਥੇ ਸਿਖੀ ਪ੍ਰਚਾਰ ਦਾ ਮੁਖੀ ਉਸ ਵੇਲੇ ਭਾਈ ਗੁਰਬਖਸ਼ ਸੀ। ਉਹ ਸੰਗਤ ਸਮੇਤ ਬਹੁਤ ਸਾਰੀਆਂ ਭੇਟਾਂ ਲੈ ਕੇ ਆਇਆ। ਬਾਲਾ ਪ੍ਰੀਤਮ ਸਭ ਦੀਆਂ ਭੇਟਾਂ ਸਵੀਕਾਰ ਕਰਦੇ ਰਹੇ ਤੇ ਨਾਲ ਨਾਲ ਆਈਆਂ ਵਸਤਾਂ ਤੇ ਧਨ ਗ਼ਰੀਬਾਂ ਤੇ ਲੋੜਵੰਦਾਂ ਵਿਚ ਵੰਡ ਦਿੰਦੇ। ਜਦ ਭਾਈ ਗੁਰਬਖਸ਼ ਨੇ ਬੇਨਤੀ ਕੀਤੀ ਕਿ ਸਭ ਕੁਝ ਵੰਡੀ ਜਾ ਰਹੇ ਹੋ, ਆਪ ਵੀ ਕੁਝ ਸਵੀਕਾਰ ਕਰੋ, ਤਾਂ ਬਾਲਾ ਪ੍ਰੀਤਮ ਨੇ ਮੁਸਕਰਾ ਕੇ ਆਖਿਆ ਤੁਸੀਂ ਖੁਸ਼ ਹੋ ਕਿ ਪ੍ਰੇਮ ਨਾਲ ਲਿਆਂਦੀ ਭੇਟਾਂ ਅਸੀਂ ਸਵੀਕਾਰ ਕਰ ਰਹੇ ਹਾਂ ਤੇ ਸਾਡੀ ਖੁਸ਼ੀ ਅਗੋਂ ਇਸ ਵਿਚ ਹੈ ਕਿ ਲੋੜਵੰਦਾਂ ਤੇ ਗ਼ਰੀਬਾਂ ਦੇ ਮੂੰਹ ਇਹ ਵਸਤਾਂ ਪੈਣ।' ਸਾਰੇ ਇਹ ਗੱਲਾਂ ਸੁਣ ਕੇ ਹੈਰਾਨ ਹੋ ਗਏ ਤੇ ਨਮਸਕਾਰ ਕਰਨ ਲਗ ਪਏ। ਕਈ ਦਿਨ ਇਥੇ ਰਹੇ ਤੇ ਬੜੇ ਬੜੇ ਵਿਦਵਾਨਾਂ ਨਾਲ ਵਿਚਾਰਾਂ ਹੁੰਦੀਆਂ ਰਹੀਆਂ। ਇਸੇ ਕਾਂਸ਼ੀ ਦਾ ਦੂਜਾ ਨਾਮ ਬਨਾਰਸ ਹੈ।




# ਜਦੋਂ ਆਯੁਧਿਆ ਵਿਚ ਬਾਂਦਰ ਆਏ

ਸਾਹਿਬਜ਼ਾਦਾ ਸ੍ਰੀ ਗੋਬਿੰਦ ਜੀ ਬਨਾਰਸ ਤੋਂ ਪ੍ਰਯਾਗ ਪਹੁੰਚੇ ਜਿਥੇ ਗੰਗਾ ਤੇ ਜਮਨਾ ਦੋਵੇਂ ਦਰਿਆ ਮਿਲਦੇ ਹਨ ਤੇ ਸੁਰਸਵਤੀ ਤੀਜਾ ਦਰਿਆ ਹੇਠੋਂ ਧਰਤੀ ਵਿਚੋਂ ਆ ਮਿਲਦਾ ਹੈ। ਇਸੇ ਲਈ, ਇਸਨੂੰ ਤ੍ਰਿਬੇਣੀ ਆਖਦੇ ਹਨ। ਹੁਣ ਇਸ ਸ਼ਹਿਰ ਦਾ ਨਾਮ ਅਲਾਹਬਾਦ ਰਖ ਦਿਤਾ ਗਿਆ ਹੈ। ਇਥੇ ਜਿਸ ਸਥਾਨ ਤੇ ਅਹੱਲਾ ਮਾਧਾਪੁਰ ਵਿਚ ਗੁਰੂ ਤੇਗ਼ ਬਹਾਦਰ ਜੀ ਪਟਨੇ ਵਲ ਜਾਂਦੇ ਠਹਿਰੇ ਸਨ, ਉਸੇ ਵਿਚ ਬਾਲਾ ਪ੍ਰੀਤਮ ਜਾ ਠਹਿਰੇ। ਇਥੇ ਸਿਖ ਸੰਗਤ ਬਹੁਤ ਸੀ। ਇਥੇ ਵੀ ਇਕ ਸੇਠ ਨੂੰ ਬਾਲਾ ਪ੍ਰੀਤਮ ਨੇ ਅਸੀਸ ਦਿਤੀ ਤੇ ਉਹਦੇ ਘਰ ਲੜਕਾ ਹੋ ਗਿਆ। ਉਹਨੇ ਵੀ ਜਿਥੇ ਗੁਰੂ ਪਰਵਾਰ ਠਹਿਰਿਆ ਸੀ, ਉਥੇ ਗੁਰਦੁਆਰਾ ਬਣਾਕੇ ਉਹਦੇ ਨਾਲ ਇਕ ਬਾਗ਼ ਤੇ ਹੋਰ ਕਾਫੀ ਰਕਮ ਲੰਗਰ ਲਈ ਲਾ ਦਿਤੀ ਜੋ ਹੁਣ ਤਕ ਪ੍ਰਸਿਧ ਗੁਰ ਅਸਥਾਨ ਹੈ।

ਇਥੇ ਕੁਝ ਦਿਨ ਦੋਵੇਂ ਵੇਲੇ ਦੀਵਾਨ ਲਾਕੇ ਤੇ ਕੀਰਤਨ ਦਾ ਪ੍ਰਵਾਹ ਚਲਾਕੇ ਗੁਰੂ ਪਰਵਾਰ ਆਯੁਧਿਆ ਆ ਗਿਆ ਜਿਥੇ ਸ੍ਰੀ ਰਾਮ ਚੰਦਰ ਜੀ ਦਾ ਜਨਮ ਹੋਇਆ ਸੀ। ਇਹ ਅਵਧ ਦੇਸ਼ ਦੀ ਰਾਜਧਾਨੀ ਸੀ ਜਿਥੇ ਕਿਸੇ ਜੁਗ ਵਿਚ ਸੂਰਜ ਵੰਸੀ ਰਾਜਿਆਂ ਦਾ ਰਾਜ ਸੀ। ਇਥੇ ਵਸ਼ਿਸ਼ਟ ਕੁੰਡ ਪਾਸ ਉਸੇ ਅਸਥਾਨ ਤੇ ਡੇਰਾ ਕੀਤਾ ਜਿਥੇ ਗੁਰਦੇਵ-ਪਿਤਾ ਗੁਰੂ ਤੇਗ਼ ਬਹਾਦਰ ਆਏ ਸਨ। ਇਥੇ ਇਕ ਅਨੋਖੀ ਘਟਨਾ ਵਾਪਰੀ ਜਿਸ ਦਾ ਚਰਚਾ ਸਾਰੇ ਨਗਰ ਵਿਚ ਹੋਇਆ ਤੇ ਬੜੀ ਵੱਡੀ ਗਿਣਤੀ ਵਿਚ ਲੋਕ ਦਰਸ਼ਨਾਂ ਨੂੰ ਆਉਣ ਲਗ ਪਏ। ਸਾਹਿਬਜ਼ਾਦਾ ਸ੍ਰੀ ਗੋਬਿੰਦ ਜੀ ਜਿਥੇ ਸਥਾਨ ਤੇ ਬੈਠੇ ਸਨ, ਉਥੇ ਬਹੁਤ ਸਾਰੇ ਬਾਂਦਰ ਆ ਇਕੱਠੇ ਹੋਏ। ਪਰ ਉਹ ਮਨੁਖਾਂ ਵਾਂਗ ਹੀ ਮੱਥਾ ਟੇਕਦੇ ਤੇ ਸੰਗਤ ਵਾਂਗ ਹੀ ਆਸੇ ਪਾਸੇ ਬੈਠਦੇ ਗਏ। ਇਹਨਾਂ ਪਿਛੋਂ ਦੋ ਬਾਂਦਰ ਹੋਰ ਆਏ, ਜੋ ਆਪਣੇ ਨਾਲ ਫਲ ਲਿਆਏ ਸਨ ਤੇ ਉਹ ਫਲ ਬਾਲਾ ਪ੍ਰੀਤਮ ਅਗੇ ਰਖਕੇ ਤੇ ਮੱਥਾ ਟੇਕਕੇ ਬੈਠੇ ਰਹੇ। ਇਉਂ ਜਿਤਨੇ ਦਿਨ ਗੁਰੂ ਪਰਵਾਰ ਇਥੇ ਰਿਹਾ, ਬਾਲਾ ਪ੍ਰੀਤਮ ਦੇ ਦਰਸ਼ਨ ਕਰਨ ਲਈ ਸੰਗਤ ਆਉਂਦੀ ਰਹੀ, ਤੇ ਬਾਂਦਰ ਵੀ ਜੁੜਦੇ ਰਹੇ। ਇਸ ਤੋਂ ਰਾਮ ਉਪਾਸ਼ਕਾਂ ਵਿਚ ਇਹ ਗੱਲ ਧੁੰਮ ਗਈ ਕਿ ਇਹ ਕੋਈ ਸਾਧਾਰਨ ਬਾਲਕ ਨਹੀਂ ਇਹ ਤਾਂ ਸ੍ਰੀ ਰਾਮ ਚੰਦਰ ਜੀ ਆਪ ਆ ਗਏ ਹਨ।





www.sikhbookclub.com




www.sikhbookclub.com

ਗੁਰੂ ਪਰਵਾਰ ਆਯੁਧਿਆ ਤੋਂ ਚਲਕੇ ਨਾਨਕ ਮਤਾ, ਪੀਲੀ ਭੀਤ, ਦੇਵਨਗਰ, ਲਖਨਊ, ਬਨੂਰ, ਮਥਰਾ, ਆਗਰਾ ਤੇ ਹਰਿਦੁਆਰ ਤੋਂ ਹੁੰਦਾ ਹੋਇਆ ਅੰਬਾਲੇ ਨੇੜੇ ਲਖਨੌਰ ਪਹੁੰਚ ਗਿਆ। ਇਥੇ ਹੀ ਗੁਰੂ ਤੇਗ ਬਹਾਦਰ ਜੀ ਦਾ ਸੰਦੇਸ਼ਾ ਪਹੁੰਚ ਗਿਆ ਕਿ ਕੁਝ ਸਮਾਂ ਲਖਨੌਰ ਵਿਚ ਹੀ ਠਹਿਰਨਾ। ਸੋ ਕਈ ਮਹੀਨੇ ਲਖਨੌਰ ਵਿਚ ਹੀ ਗੁਰੂ ਪਰਵਾਰ ਰਹਿੰਦਾ ਰਿਹਾ। ਇਥੇ ਆਸ ਪਾਸ ਦੂਰ ਤੋਂ ਸੰਗਤਾਂ ਦਰਸ਼ਨ ਕਰਨ ਲਈ ਆਉਣ ਲਗ ਪਈਆਂ। ਹੁਣ ਇਥੇ ਸਭ ਦਾ ਪ੍ਰਭਾਵ ਇਹ ਸੀ ਕਿ ਬਾਲਾ ਪ੍ਰੀਤਮ ਆਪਣੇ ਦਾਦਾ, ਗੁਰੂ ਹਰਿਗੋਬਿੰਦ ਸਾਹਿਬ ਵਾਂਗ ਬੜੇ ਸੂਰਬੀਰ ਤੇ ਤੇਜ ਵਾਲੇ ਹੋਣਗੇ। ਹੁਣ ਬਾਲਾ ਪ੍ਰੀਤਮ ਨੇ ਘੋੜ ਸਵਾਰੀ ਵੀ ਸ਼ੁਰੂ ਕਰ ਦਿਤੀ ਸੀ। ਇਥੇ ਵੀ ਪਟਨੇ ਵਾਂਗ ਬਾਲਕ ਇਕੱਠੇ ਕਰਕੇ ਜੰਗ ਜੁਧ ਦੇ ਢੰਗ ਤਰੀਕੇ ਸਮਝਾਂਦੇ ਤੇ ਸ਼ਸਤਰ ਪ੍ਰਦਰਸ਼ਨ ਕਰਦੇ। ਦਸਤਾਰ ਤੇ ਪਗੜੀ ਸਜਾਈ ਬਹੁਤ ਹੀ ਪ੍ਰਭਾਵਸ਼ਾਲੀ ਸਰੂਪ ਪ੍ਰਤੀਤ ਹੁੰਦਾ।





ਇਥੇ ਵੀ ਪਿੰਡ ਵਿਚ ਪਾਣੀ ਖਾਰਾ ਸੀ। ਮਾਤਾ ਗੁਜਰੀ ਦੀ ਅਸੀਸ ਨਾਲ ਨਵਾਂ ਖੂਹ ਪੁਟਿਆ ਗਿਆ। ਜਿਸ ਦਾ ਪਾਣੀ ਮਿੱਠਾ ਨਿਕਲਿਆ। ਬਾਲਾ ਪ੍ਰੀਤਮ ਦੀ ਇਛਾ ਅਨੁਸਾਰ ਇਥੇ ਬਉਲੀ ਵੀ ਤਿਆਰ ਕਰਵਾਈ ਗਈ। ਇਹ ਦੋਵੇਂ ਯਾਦਗਾਰਾਂ ਹੁਣ ਤਕ ਹਨ। ਇਥੇ ਹੀ ਭੀਖਣ ਸ਼ਾਹ (ਸ਼ਾਹ ਭੀਖ) ਮੁੜ ਆਪ ਦੇ ਦਰਸ਼ਨ ਕਰਨ ਆਇਆ ਤੇ ਮੱਥਾ ਟੇਕ ਕੇ ਬਾਲਾ ਪ੍ਰੀਤਮ ਨੂੰ ਚੁਕ ਲਿਆ। ਇਕ ਪਾਸੇ ਲਿਜਾਕੇ ਕਾਫੀ ਸਮਾਂ ਗੱਲਾਂ ਕਰਦਾ ਰਿਹਾ ਤੇ ਅਖੀਰ ਮੰਗ ਕੀਤੀ ਕਿ ਅਸੀਸ ਦਿਉ, ਮੇਰਾ ਡੇਰਾ ਵਸਦਾ ਰਹੇ। ਬਾਲਾ ਪ੍ਰੀਤਮ ਨੇ ਅਸੀਸ ਦਿਤੀ। ਇਹ ਉਹੀ ਭੀਖਣ ਸ਼ਾਹ ਹੈ ਜੋ ਪਟਨੇ ਗਿਆ ਸੀ। ਪੀਰ ਮੀਰ ਦੀਨ ਨੇ ਭੀਖਣ ਸ਼ਾਹ ਨੂੰ ਕਿਹਾ ਕਿ ਮੁਸਲਮਾਨ ਹੋਕੇ ਹਿੰਦੂ ਬੱਚੇ ਨੂੰ ਸਿਜਦਾ ਕਰਦਾ ਏ। ਅਗੇ ਭੀਖਣ ਸ਼ਾਹ ਨੇ ਉਤਰ ਦਿਤਾ 'ਇਹ ਆਮ ਬੱਚਾ ਨਹੀਂ, ਖੁਦਾ ਦਾ ਪੁਤਰ ਹੈ।' ਇਸੇ ਤਰ੍ਹਾਂ ਪੀਰ ਆਰਫ ਦੀਨ ਨੇ ਵੀ ਰੱਬੀ ਜੋਤ ਨੂੰ ਪਛਾਣ ਕੇ ਸਿਜਦਾ ਕੀਤਾ।

# ਬਾਲਾ ਪ੍ਰੀਤਮ ਅਨੰਦਪੁਰ ਪਹੁੰਚੇ

ਲੱਖਨੌਰ ਤੋਂ ਚੱਲਕੇ ਗੁਰੂ ਪਰਵਾਰ ਕੀਰਤਪੁਰ ਪਹੁੰਚਿਆ ਤੇ ਉਥੇ ਇਕ ਰਾਤ ਠਹਿਰੇ। ਬਹੁਤ ਸਾਰੇ ਖਾਨਦਾਨ ਦੇ ਪਰਵਾਰ ਇਥੇ ਵਸਦੇ ਸਨ। ਉਹਨਾਂ ਨੂੰ ਮਿਲਕੇ ਖੁਸ਼ੀਆਂ ਵੰਡੀਆਂ। ਗੁਰ-ਅਸਥਾਨਾਂ ਦੇ ਦਰਸ਼ਨ ਕੀਤੇ ਤੇ ਅਗਲੇ ਦਿਨ ਅਨੰਦਪੁਰ ਸਾਹਿਬ ਨੂੰ ਚੱਲ ਪਏ। ਅਨੰਦਪੁਰ ਦੀ ਸੰਗਤ ਸ਼ਬਦ ਕੀਰਤਨ ਕਰਦੀ ਨਗਰ ਤੋਂ ਬਾਹਰ ਸੁਆਗਤ ਲਈ ਆ ਮਿਲੀ। ਸਭ ਨੇ ਬਾਲਾ ਪ੍ਰੀਤਮ ਦੇ ਦਰਸ਼ਨ ਕੀਤੇ। ਫੁਲਾਂ ਦੀ ਵਰਖਾ ਕਰਦਿਆਂ ਤੇ ਸ਼ਬਦ ਕੀਰਤਨ ਦੀ ਧੁਨ ਵਿਚ ਗੁਰੂ ਪਰਵਾਰ ਅਨੰਦਪੁਰ ਪਹੁੰਚਿਆ। ਬਾਲਾ ਪ੍ਰੀਤਮ ਨੇ ਗੁਰਦੇਵ-ਪਿਤਾ ਨੂੰ ਮੱਥਾ ਟੇਕਿਆ ਤੇ ਅਗੋਂ ਗੁਰੂ ਤੇਗ਼ ਬਹਾਦਰ ਜੀ ਨੇ ਪਿਆਰ ਨਾਲ ਚੁਕ ਲਿਆ ਤੇ ਛਾਤੀ ਨਾਲ ਲਾ ਲਿਆ।

ਦੀਵਾਨ ਸ਼ੁਰੂ ਸੀ। ਗੁਰਬਾਣੀ ਦਾ ਮਨੋਹਰ ਕੀਰਤਨ ਹੋ ਰਿਹਾ ਸੀ ਤੇ ਬਾਲਾ ਪ੍ਰੀਤਮ ਆਪਣੇ ਗੁਰਦੇਵ ਪਿਤਾ ਦੀ ਗੋਦੀ ਵਿਚ ਬੈਠੇ ਸਨ। ਵੱਡੀ ਗਿਣਤੀ ਵਿਚ ਸਿਖ ਸੰਗਤਾਂ ਬਾਲਾ ਪ੍ਰੀਤਮ ਦੇ ਦਰਸ਼ਨ ਕਰਕੇ ਖੁਸ਼ ਹੋ ਰਹੀਆਂ ਸਨ।



 www.sikhbookclub.com




# ਅਨੰਦਪੁਰ ਵਿਚ ਬਾਲਾ ਪ੍ਰੀਤਮ ਦੇ ਚੋਜ

ਗੁਰੂ ਤੇਗ ਬਹਾਦਰ ਆਪਣੇ ਸਾਹਿਬਜ਼ਾਦੇ ਨੂੰ ਬੇਹਦ ਪਿਆਰ ਕਰਦੇ ਸਨ। ਉਹਨਾਂ ਨੇ ਵਿਦਿਆ ਵਿਚ ਨਿਪੁੰਨ ਕਰਨ ਲਈ ਹਰ ਭਾਸ਼ਾ ਦੇ ਅਧਿਆਪਕ ਲਾ ਦਿਤੇ ਜੋ ਗੁਰੂ ਘਰ ਵਿਚ ਹੀ ਪੜਾਉਣ ਲਈ ਆਉਂਦੇ ਸਨ। ਪਰ ਸਾਹਿਬਜ਼ਾਦਾ ਗੋਬਿੰਦ ਜੀ ਇਕੱਲੇ ਪੜਨ ਵਾਲੇ ਨਹੀਂ ਸਨ। ਉਹਨਾਂ ਨੂੰ ਹਰ ਵੇਲੇ ਸਾਥ ਚਾਹੀਦਾ ਸੀ ਤੇ ਹਾਣੀ ਹਰ ਵੇਲੇ ਉਨ੍ਹਾਂ ਦੇ ਨਾਲ ਹੁੰਦੇ। ਇਸੇ ਲਈ ਘਰ ਵਿਚ ਇਕੱਲੇ ਵਿਦਿਆਰਥੀ ਨਹੀਂ ਸਨ, ਹੋਰ ਬਹੁਤ ਸਾਰੇ ਵਿਦਿਆਰਥੀ ਵੀ ਸਨ। ਇਉਂ ਘਰ ਇਕ ਪੂਰਾ ਸਕੂਲ ਬਣ ਗਿਆ।

ਧੁਰੋਂ ਪੜਕੇ ਆਇਆਂ ਨੂੰ ਕਿਸੇ ਨੇ ਕੀ ਪੜਾਉਣਾ ਹੈ ਪਰ ਫਿਰ ਵੀ ਵਖ ਵਖ ਭਾਸ਼ਾਵਾਂ ਦੀ ਸ਼ਬਦਾਵਲੀ ਤੇ ਲਿਪੀ ਦਾ ਗਿਆਨ ਦੇਣਾ ਜ਼ਰੂਰੀ ਸੀ। ਇਸ ਦੇ ਨਾਲ ਹੀ ਗੁਰੂ ਤੇਗ ਬਹਾਦਰ ਜਾਣੀ ਜਾਣ ਸਨ ਕਿ ਇਹਨਾਂ ਨੇ ਅਗੋਂ ਕਿਹੋ ਜਿਹੇ ਕਾਰਜ ਕਰਨੇ ਹਨ, ਇਸ ਲਈ ਸਿਖਲਾਈ ਵੀ ਉਸੇ ਤਰ੍ਹਾਂ ਦੀ ਹੋਣ ਲਗੀ। ਸ਼ਸਤਰ ਵਿਦਿਆ, ਘੋੜੇ ਚੜਨਾ, ਤੀਰ ਚਲਾਉਣੇ, ਗਤਕਾ ਖੇਡਣਾ ਤੇ ਬੰਦੂਕ ਚਲਾਉਣੀ ਸਿਖਣ ਲਈ ਵੀ ਅਧਿਆਪਕ ਰਖ ਦਿਤੇ। ਆਤਮ ਵਿਦਿਆ ਤਾਂ ਗੁਰੂ-ਪਿਤਾ ਆਪ ਦਿੰਦੇ ਹੁੰਦੇ ਸਨ।

ਸਾਹਿਬਜ਼ਾਦੇ ਨੂੰ ਗੁਰਮੁਖੀ ਤੇ ਫਾਰਸੀ ਅੱਖਰ ਹਰ ਜਸ ਰਾਏ ਨੇ ਸਿਖਾਏ ਜੋ ਕਿ ਭਾਈ ਮਤੀ ਦਾਸ ਦਾ ਭਤੀਜਾ ਸੀ। ਪੀਰ ਮੁਹੰਮਦ ਕਾਜ਼ੀ ਫਾਰਸੀ ਦੀ ਉਚੇਰੀ ਵਿਦਿਆ ਲਈ ਨਿਯੁਕਤ ਹੋਇਆ। ਘਰ ਦੇ ਸਕੂਲ ਵਿਚ ਆਪ ਨਾਲ ਵਿਦਿਆ ਲੈਣ ਵਾਲਿਆਂ ਵਿਚ ਭਾਈ ਮਨੀ ਸਿੰਘ, ਤਾਰਾ ਆਲਮ, ਕੀਰਤੀਆਂ, ਸ਼ਾਮ ਦਾਸ, ਗੁਲਾਬ ਰਾਏ, ਮੋਹਰੀ ਚੰਦ ਤੇ ਸੰਗੋ ਦੇ ਨਾਮ ਲਿਖੇ ਹੋਏ ਮਿਲਦੇ ਹਨ। ਇਤਿਹਾਸਕਾਰ ਲਿਖਦੇ ਹਨ ਕਿ ਬਾਲਕ ਗੋਬਿੰਦ ਜੀ ਇਕ ਵਾਰ ਸੁਣਦੇ, ਉਹ ਮੁੜਕੇ ਕਦੇ ਨ ਭੁਲਦੇ। ਆਪ ਦੇ ਖਿਡਾਣੇ ਕਈ ਨਿਸ਼ਚਤ ਕੀਤੇ ਗਏ। ਆਪ ਜਦ ਦਰਿਆ ਕੰਢੇ ਜਾਂਦੇ ਤਾਂ ਝਟ ਦਰਿਆ ਵਿਚ ਛਾਲ ਮਾਰਕੇ ਤਰਨਾ ਸ਼ੁਰੂ ਕਰ ਦਿੰਦੇ। ਇਸੇ ਤਰ੍ਹਾਂ ਆਪ ਵਧੇਰੇ ਚੜ੍ਹਦੀਕਲਾ ਪੈਦਾ ਕਰਨ ਵਾਲੀਆਂ ਤੇ ਸਰੀਰਕ ਬਲ ਦਾ ਪ੍ਰਦਰਸ਼ਨ ਕਰਨ ਵਾਲੀਆਂ ਖੇਡਾਂ ਵਿਚ ਦਿਲਚਸਪੀ ਲੈਂਦੇ।







www.sikhbookclub.com

# ਕਸ਼ਮੀਰੀ ਪੰਡਤ ਆਨੰਦਪੁਰ ਆਏ

ਇਹ ਘਟਨਾ 1675 ਈਸਵੀ ਦੀ ਹੈ ਜਦੋਂ ਕਿ ਭਾਰਤ ਵਿਚ ਔਰੰਗਜ਼ੇਬ ਦਾ ਰਾਜ ਸੀ। ਉਹ ਹਿੰਦੂਆਂ ਨੂੰ ਮਲੋਮੱਲੀ ਮੁਸਲਮਾਨ ਬਨਾਉਣ ਲਗਾ। ਥਾਂ ਥਾਂ ਮੰਦਰ ਢਾਹਕੇ ਮਸੀਤਾਂ ਬਣਨ ਲਗੀਆਂ। ਹਿੰਦੂਆਂ ਦੇ ਧਾਰਮਕ ਚਿੰਨ੍ਹ ਜਨੇਉ ਤੇ ਤਿਲਕ ਉਤਾਰੇ ਜਾਣ ਲਗੇ। ਮੁਗ਼ਲ ਬਾਦਸ਼ਾਹ ਦੇ ਇਸ ਹੁਕਮ ਤੇ ਸਭ ਤੋਂ ਵਧ ਕਰੜਾਈ ਨਾਲ ਜਦ ਕਸ਼ਮੀਰ ਦਾ ਗਵਰਨਰ ਅਮਲ ਕਰਨ ਲਗਾ ਤਾਂ ਕਸ਼ਮੀਰੀ ਪੰਡਤਾਂ ਦਾ ਇਕ ਪ੍ਰਤੀਨਿਧ ਮੰਡਲ ਇਸ ਸੰਕਟ ਦਾ ਹੱਲ ਲੱਭਣ ਲਈ ਆਨੰਦਪੁਰ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੇ ਦਰਬਾਰ ਵਿਚ ਆਇਆ। ਉਨ੍ਹਾਂ ਆਕੇ ਆਪਣੀ ਸਮੱਸਿਆ ਤੇ ਦੁਖ ਦੱਸਿਆ। ਗੁਰੂ ਸਾਹਿਬ ਨੇ ਸੋਚਿਆ ਕਿ ਜੇ ਕਰ ਇਹਨਾਂ ਨੂੰ ਕੋਈ ਰਾਹ ਨ ਦੱਸਿਆ ਤਾਂ ਇਹ ਧਰਮ ਤਿਆਗ ਜਾਣਗੇ ਜਾਂ ਮਾਰੇ ਜਾਣਗੇ। ਇਸ ਲਈ ਗੁਰੂ ਤੇਗ਼ ਬਹਾਦਰ ਜੀ ਨੇ ਆਖਿਆ ਕਿ ਇਹ ਸੰਕਟ ਤਾਂ ਹੀ ਟਲੇਗਾ, ਜੇਕਰ ਕੋਈ ਮਹਾਨ ਪੁਰਸ਼ ਜਾਂ ਆਤਮਾ ਇਸ ਜ਼ੁਲਮ ਵਿਰੁਧ ਆਪਣਾ ਸੀਸ ਲਾਏਗੀ।

ਇਸ ਸਮੇਂ 9 ਸਾਲ ਦੇ ਬਾਲਕ ਗੋਬਿੰਦ ਰਾਏ ਆਪਣੇ ਪਿਤਾ ਦੇ ਪਾਸ ਬੈਠੇ ਬੜੀ ਗੰਭੀਰਤਾ ਨਾਲ ਸਾਰੀ ਵਾਰਤਾ ਸੁਣ ਰਹੇ ਸਨ। ਉਤਰ ਸੁਣਕੇ ਬੋਲੇ, "ਆਪ ਨਾਲੋਂ ਵੱਡੀ ਆਤਮਾ ਹੋਰ ਕਿਹੜੀ ਏ।" ਗੁਰੂ ਤੇਗ਼ ਬਹਾਦਰ ਜੀ ਬਸ ਆਪਣੇ ਲਾਡਲੇ ਸਪੁਤਰ ਤੋਂ ਸੁਣਨਾ ਹੀ ਚਾਹੁੰਦੇ ਸਨ ਇਸ ਲਈ ਆਪ



 www.sikhbookclub.com

ਨੇ ਤੁਰੰਤ ਆਖਿਆ, "ਜਾਉ ਜਾਕੇ ਕਸ਼ਮੀਰ ਦੇ ਹਾਕਮ ਰਾਹੀਂ ਦਿਲੀ ਸੁਨੇਹਾ ਭੇਜ ਦਿਉ ਕਿ ਜੇਕਰ ਗੁਰੂ ਤੇਗ ਬਹਾਦਰ ਨੂੰ ਧਰਮ ਬਦਲਣ ਲਈ ਤਿਆਰ ਕਰ ਲਿਆ ਜਾਏ ਤਾਂ ਅਸੀਂ ਸਾਰੇ ਹਿੰਦੂ ਉਨ੍ਹਾਂ ਪਿਛੇ ਲਗਕੇ ਧਰਮ ਬਦਲ ਲਵਾਂਗੇ, ਇਸਲਾਮ ਕਬੂਲ ਕਰ ਲਵਾਂਗੇ।"

ਕਸ਼ਮੀਰੀ ਪੰਡਤ ਸੰਤੁਸ਼ਟ ਹੋ ਗਏ ਤੇ ਨਮਸਕਾਰ ਕਰਕੇ ਚਲੇ ਗਏ ਪਰ ਗੁਰੂ ਤੇਗ ਬਹਾਦਰ ਨੇ ਉਸੇ ਵੇਲੇ ਆਦੇਸ਼ ਦਿਤਾ ਕਿ ਸਾਡੇ ਸਫਰ ਦੀ ਤਿਆਰੀ ਕਰੋ ਤੇ ਅਸੀਂ ਦਿੱਲੀ ਤੋਂ ਬੁਲਾਵਾ ਆਉਣ ਤੋਂ ਪਹਿਲਾਂ ਤੁਰਨਾ ਚਾਹੁੰਦੇ ਹਾਂ। ਬਾਲਾ ਪ੍ਰੀਤਮ ਸ੍ਰੀ ਗੋਬਿੰਦ ਰਾਏ ਵਲ ਦੇਖਕੇ ਆਪ ਨੇ ਪਿਆਰ ਨਾਲ ਥਾਪੜਾ ਦਿੰਦਿਆਂ ਕਿਹਾ ਕਿ ਅਗੋਂ ਜ਼ੁਮੇਵਾਰੀ ਸੰਭਾਲਣ ਲਈ ਸਾਵਧਾਨ ਹੋ ਜਾਉ। ਆਪ ਕਸ਼ਮੀਰੀ ਪੰਡਤਾਂ ਦੇ ਵਾਪਸ ਜਾਣ ਪਿਛੋਂ ਕੁਝ ਦਿਨਾਂ ਵਿਚ ਹੀ ਆਨੰਦਪੁਰ ਸਾਹਿਬ ਤੋਂ ਬਹੁਤ ਸਾਰੀ ਸੰਗਤ ਨਾਲ ਚਲ ਪਏ।



# ਗੁਰੂ ਤੇਗ਼ ਬਹਾਦਰ ਜੀ ਦੀ ਸ਼ਹੀਦੀ


ਗੁਰੂ ਤੇਗ਼ ਬਹਾਦਰ ਜੀ ਆਨੰਦਪੁਰ ਤੋਂ ਚਲਕੇ ਲੋਕਾਂ ਨੂੰ ਨਾ ਕਿਸੇ ਤੋਂ ਡਰੋ ਤੇ ਨਾ ਕਿਸੇ ਨੂੰ ਡਰਾਉ ਦਾ ਉਪਦੇਸ਼ ਦਿੰਦੇ ਮਾਲਵੇ ਦੇ ਕਾਫੀ ਥਾਵਾਂ ਤੇ ਠਹਿਰਦੇ ਅਖੀਰ ਆਗਰੇ ਜਾ ਪਹੁੰਚੇ ਤੇ ਉਥੋਂ ਗ੍ਰਿਫਤਾਰ ਕਰਕੇ ਦਿੱਲੀ ਲਿਆਂਦੇ ਗਏ। ਦਿੱਲੀ ਵਿਚ ਉਨ੍ਹਾਂ ਨੂੰ ਵਰਤਮਾਨ ਕੋਤਵਾਲੀ (ਹੁਣ ਗੁਰੂ ਤੇਗ ਬਹਾਦਰ ਨਿਵਾਸ) ਦੀ ਥਾਂ ਤੇ ਹੀ ਕੈਦ ਕੀਤਾ ਗਿਆ। ਉਦੋਂ ਵੀ ਇਥੇ ਹੀ ਦਿੱਲੀ ਦੇ ਕੋਤਵਾਲ ਦਾ ਕੇਂਦਰ ਸੀ। ਸਮੇਂ ਦੀ ਮੁਗ਼ਲ ਸਰਕਾਰ ਨੇ ਹਰ ਹੀਲਾ ਵਰਤਿਆ ਤੇ ਜ਼ੋਰ ਲਾਇਆ ਕਿ ਗੁਰੂ ਤੇਗ਼ ਬਹਾਦਰ ਧਰਮ ਬਦਲ ਲੈਣ। ਜਦੋਂ ਆਪ ਕਿਸੇ ਤਰ੍ਹਾਂ ਵੀ ਨ ਝੁਕੇ ਤੇ ਨਾ ਹੀ ਮੰਨੇ ਤਾਂ ਅਖੀਰ ਕਾਜ਼ੀ ਰਾਹੀਂ ਕਤਲ ਦਾ ਫਤਵਾ ਦਿਵਾਇਆ ਗਿਆ।


ਪਹਿਲਾਂ ਉਹਨਾਂ ਨੂੰ ਪ੍ਰਭਾਵਤ ਕਰਨ ਤੇ ਸਰਕਾਰ ਦੀ ਸਖਤੀ ਦੱਸਣ ਲਈ ਉਨ੍ਹਾਂ ਦੇ ਕੈਦਖਾਨੇ ਦੇ ਸਾਹਮਣੇ ਉਹਨਾਂ ਦੇ ਸਾਥੀ ਸਿਖ ਸੇਵਾਦਾਰਾਂ ਵਿਚੋਂ ਭਾਈ ਮਤੀ ਦਾਸ ਨੂੰ ਆਰੇ ਨਾਲ ਚੀਰ ਕੇ, ਦੋ ਫਾੜ ਕਰਕੇ ਸ਼ਹੀਦ ਕੀਤਾ ਗਿਆ। ਭਾਈ ਦਿਆਲਾ ਜੀ ਨੂੰ ਉਬਲਦੀ ਦੇਗ਼ ਵਿਚ ਬਿਠਾ ਕੇ ਸ਼ਹੀਦ ਕੀਤਾ ਗਿਆ ਤੇ ਭਾਈ ਮਤੀ ਦਾਸ ਨੂੰ ਸਰੀਰ ਦੁਆਲੇ ਰੂਈ ਬੰਨਕੇ ਜ਼ਿੰਦਾ ਜਲਾਇਆ ਗਿਆ। ਇਸ ਪਿਛੋਂ ਗੁਰੂ ਤੇਗ਼ ਬਹਾਦਰ ਜੀ ਨੂੰ ਕੈਦਖਾਨੇ ਚੋਂ ਕਢਕੇ ਕੋਤਵਾਲੀ ਦੇ ਬਾਹਰ ਖੂਹ ਤੇ ਰੁਖ ਹੇਠ ਬਿਠਾਕੇ ਤਲਵਾਰ ਨਾਲ ਸੀਸ ਸਰੀਰ ਤੋਂ ਵਖ ਕਰਕੇ ਸ਼ਹੀਦ ਕੀਤਾ ਗਿਆ।





ਦਿੱਲੀ ਵਿਚ ਲਾਲ ਕਿਲ੍ਹੇ ਦੇ ਸਾਹਮਣੇ ਇਸ ਸ਼ਹੀਦੀ ਥਾਂ ਤੇ ਗੁਰਦੁਆਰਾ ਸੀਸ ਗੰਜ ਬਣਿਆ ਹੋਇਆ ਹੈ ਜਿਥੇ ਗੁਰੂ ਤੇਗ਼ ਬਹਾਦਰ ਸ਼ਹੀਦੀ ਤੋਂ ਪਹਿਲਾਂ ਬੈਠੇ ਸਨ। ਗੁਰਦੁਆਰੇ ਅੰਦਰ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਸਥਾਨ ਦੇ ਹੇਠਾਂ ਉਹ ਥਾਂ ਹੈ ਜਿਥੇ ਆਪ ਸ਼ਹੀਦੀ ਸਮੇਂ ਚੌਕੜਾ ਮਾਰਕੇ ਬੈਠੇ ਸਨ।







www.sikhbookclub.com

# ਆਨੰਦਪੁਰ ਵਿਚ ਸੀਸ ਦਾ ਸਸਕਾਰ

ਜਦੋਂ ਚਾਂਦਨੀ ਚੌਕ ਦਿੱਲੀ ਵਿਚ ਗੁਰੂ ਤੇਗ਼ ਬਹਾਦਰ ਜੀ ਨੂੰ ਸ਼ਹੀਦ ਕੀਤਾ ਗਿਆ ਤਾਂ ਉਸ ਸਮੇਂ ਸਰਕਾਰ ਵਲੋਂ ਇਹ ਵੀ ਚਿਤਾਵਨੀ ਹੋਈ ਕਿ ਕੋਈ ਸੀਸ ਜਾਂ ਸਰੀਰ ਨ ਉਠਾਏ। ਜੋ ਗੁਰੂ ਕਾ ਸਿਖ ਅਗੇ ਆਏਗਾ ਉਸ ਨੂੰ ਵੀ ਕਤਲ ਕਰ ਦਿਤਾ ਜਾਏਗਾ। ਉਸ ਵੇਲੇ ਤਾਂ ਆਲੇ ਦੁਆਲੇ ਭੀੜ ਜੁੜੀ ਹੋਣ ਕਾਰਨ ਕੋਈ ਨ ਨਿਤਰਿਆ ਹਾਲਾਂਕਿ ਕਈ ਸਿਖ ਉਥੇ ਮੌਜੂਦ ਸ਼ਹੀਦੀ ਸਾਕਾ ਦੇਖਕੇ ਦੁਖੀ ਹੋ ਰਹੇ ਸਨ।

ਝਟ ਪਿਛੋਂ ਜਦ ਭੀੜ ਖਿੰਡਰ ਗਈ ਤਾਂ ਭਾਈ ਜੈਤਾ ਤੇ ਭਾਈ ਊਦਾ ਤੇਜ਼ੀ ਨਾਲ ਅਗੇ ਵਧੇ। ਗੁਰੂ ਤੇਗ਼ ਬਹਾਦਰ ਜੀ ਦਾ ਸੀਸ ਉਠਾਇਆ, ਨਮਸਕਾਰ ਕੀਤੀ ਤੇ ਇਕ ਚਾਦਰ ਵਿਚ ਲਪੇਟ ਕੇ ਦੋਵੇਂ ਦੌੜ ਪਏ। ਹਾਕਮਾਂ ਨੂੰ ਜਦ ਪਤਾ ਲੱਗਾ ਤਾਂ ਉਹਨਾਂ ਪਿਛਾ ਕੀਤਾ ਪਰ ਪਤਾ ਨ ਲੱਗਾ ਕਿ ਉਹ ਕਿਹੜੇ ਪਾਸਿਉਂ ਤੇ ਕਿਵੇਂ ਦਿੱਲੀ ਤੋਂ ਬਾਹਰ ਨਿਕਲ ਗਏ ਹਨ।

ਦੋਵੇਂ ਦਿਨ ਰਾਤ ਸਫਰ ਕਰਦੇ, ਰਸਤੇ ਵਿਚ ਗੁਰੂ ਘਰ ਦੇ ਸ਼ਰਧਾਲੂਆਂ ਪਾਸ ਠਹਿਰਦੇ ਅਖੀਰ ਉਹ ਕੀਰਤਪੁਰ ਸਾਹਿਬ ਪਹੁੰਚੇ ਤੇ ਉਥੋਂ ਆਨੰਦਪੁਰ ਸੁਨੇਹਾ ਭੇਜਿਆ। ਜਦ ਸੀਸ ਲੈਕੇ ਭਾਈ ਜੈਤਾ ਤੇ ਭਾਈ ਊਦਾ ਅਨੰਪੁਰ ਪਹੁੰਚੇ ਤਾਂ ਸਾਰੀ ਸਿਖ ਸੰਗਤ, ਬਾਲਾ ਪ੍ਰੀਤਮ ਸ੍ਰੀ ਗੋਬਿੰਦ ਜੀ ਮਾਤਾ ਗੁਜਰੀ ਤੇ ਪਰਵਾਰ ਦੇ ਹੋਰ ਜੀਅ ਸ਼ਹਿਰ ਤੋਂ ਬਾਹਰ ਕਾਫੀ ਅਗੇ ਆਕੇ ਮਿਲੇ। ਦੋਹਾਂ ਸਿਖਾਂ ਨੇ ਸੀਸ ਗੁਰਦੇਵ ਪਿਤਾ ਦੇ ਸਾਹਿਬਜ਼ਾਦੇ ਦੀ ਝੋਲੀ ਪਾਇਆ। ਉਹ ਦ੍ਰਿਸ਼ ਵੱਡੇ ਵੱਡੇ ਪੱਥਰ ਦਿਲ ਵੀ ਦੇਖ ਨਹੀਂ ਸਨ ਸਕਦੇ।

ਗੁਰੂ ਤੇਗ਼ ਬਹਾਦਰ ਜੀ ਦੇ ਸੀਸ ਦਾ ਸਸਕਾਰ ਬੜੇ ਅਦਬ, ਸ਼ੌਕ ਤੇ ਪਿਆਰ ਭਰੇ ਅਥਰੂ ਵਗਦਿਆਂ ਨਾਲ ਅਨੰਦਪੁਰ ਵਿਚ ਕੀਤਾ ਗਿਆ। ਇਸ ਸਸਕਾਰ ਅਸਥਾਨ ਤੇ ਵੀ ਗੁ: ਸੀਸ ਗੰਜ ਅਨੰਦਪੁਰ ਵਿਚ ਬਣਿਆ ਹੋਇਆ ਹੈ।